

United Utilities

## ਵਾਟਰਸ਼ਿਓਰ ਸਕੀਮ

# ਮੀਟਰ (ਜਾਂ ਮੁਲਾਂਕਣ ਕੀਤੀ ਗਈ ਲਾਗਤ) ਵਾਲੇ ਘਰੇਲੂ ਗਾਹਕਾਂ ਲਈ ਮਦਦ, ਜੋ ਜ਼ਰੂਰੀ ਕੰਮਾਂ ਲਈ ਬਹੁਤ ਜ਼ਿਆਦਾ ਪਾਣੀ ਦੀ ਵਰਤੋਂ ਕਰਦੇ ਹਨ

# ਸਾਡੀ ਵਾਟਰਸ਼ਿਓਰ ਸਕੀਮ ਦੱਸਦੀ ਹੈ

**ਪਾਣੀ ਦਾ ਮੀਟਰ ਹੋਣ ਕਰਕੇ ਕਈ ਘਰ ਇਸਦਾ ਲਾਭ ਲੈਂਦੇ ਹਨ। ਪਰ ਪਾਣੀ ਦੇ ਮੀਟਰਾਂ ਵਾਲੇ ਕੁਝ ਘਰਾਂ ਨੂੰ ਜ਼ਰੂਰੀ ਕੰਮਾਂ ਲਈ ਵੱਡੀ ਮਾਤਰਾਂ ਵਿਚ ਪਾਣੀ ਦੀ ਵਰਤੋਂ ਕਰਨ ਕਰਕੇ ਉਹਨਾਂ ਨੂੰ ਖ਼ਾਸੀ ਪਰੇਸ਼ਾਨੀ ਹੁੰਦੀ ਹੈ।**

ਇਹ ਪੁਸਤਿਕਾ ਵਾਟਰਸ਼ਿਓਰ ਸਕੀਮ ਰਾਹੀਂ ਉਪਲਬਧ ਮਾਲੀ ਸਹਾਇਤਾ ਲਈ ਕਿਵੇਂ ਅਰਜ਼ੀ ਦਿਓ, ਸੇਧ ਟਿਪੱਣੀਆਂ ਅਤੇ ਅਰਜ਼ੀ ਫ਼ਾਰਮ ਬਾਰੇ ਦੱਸਦੀ ਹੈ।

## ਕਿਹੜੀ ਸਹਾਇਤਾ ਉਪਲਬਧ ਹੈ?

ਜੇ ਤੁਸੀਂ ਕੁਝ ਲਾਭ ਲੈਂਦੇ ਹੋ, ਤਾਂ ਸਾਡੀ ਵਾਟਰਸ਼ਿਓਰ ਸਕੀਮ ਤੁਹਾਡੀ ਮਦਦ ਕਰ ਸਕਦੀ ਹੈ, ਅਤੇ **ਇਸ ਤੋਂ ਅਲਾਵਾ** ਤੁਹਾਡਾ ਵੱਡਾ ਪਰਿਵਾਰ ਹੈ ਜਾਂ ਕਿਉਂਕਿ ਤੁਸੀਂ ਜਾਂ ਤੁਹਾਡੇ ਘਰ ਦੇ ਮੈਂਬਰ ਦੀ ਮੈਡੀਕਲ ਸਥਿਤੀ ਹੈ, ਜਿਸ ਕਰਕੇ ਪਾਣੀ ਦੀ ਬਹੁਤ ਜ਼ਿਆਦਾ ਵਰਤੋਂ ਹੁੰਦੀ ਹੈ।

ਪਾਣੀ ਦੇ ਮੀਟਰ ਵਾਲੇ ਗਾਹਕਾਂ, ਜਿਹਨਾਂ ਨੇ ਸਕੀਮ ਪ੍ਰਵਾਨ ਕੀਤੀ ਹੈ, ਉਹਨਾਂ ਨੂੰ ਔਸਤ ਘਰੇਲੂ ਬਿੱਲ ਜਿੰਨੀ ਰਕਮ 'ਤੇ ਤੈਅ ਹੋਈਆਂ ਨਵੀਆਂ ਲਾਗਤਾਂ ਦੇਣੀਆਂ ਪੈਣੀਆਂ ਹਨ। 2011-2012 ਲਈ ਪਾਣੀ ਅਤੇ ਗੰਦੇ ਪਾਣੀ ਸਬੰਧੀ ਸੇਵਾਵਾਂ ਲਈ ਔਸਤ ਲਾਗਤ £376 ਹੈ। ਇਸ ਲਈ, ਭਾਵੇਂ ਬਹੁਤ ਸਾਰਾ ਪਾਣੀ ਵਰਤਿਆ ਜਾਏ, ਬਿੱਲ ਔਸਤ ਘਰੇਲੂ ਗਾਹਕ ਨਾਲੋਂ ਵੱਧ ਨਹੀਂ ਹੋਏਗਾ।

ਕਿਰਪਾ ਕਰਕੇ ਧਿਆਨ ਦਿਓ: ਜੇ ਤੁਸੀਂ ਪਾਣੀ ਦੇ ਮੀਟਰ ਲਈ ਅਰਜ਼ੀ ਦਿਤੀ ਹੈ, ਪਰ ਅਸੀਂ ਤੁਹਾਡੀ ਸੰਪਤੀ ਵਿਚ ਲਾਉਣ ਦੇ ਅਸਮਰੱਥ ਹਾਂ, ਅਤੇ ਤੁਸੀਂ ਮੁਲਾਂਕਣ ਕੀਤੀ ਗਈ ਲਾਗਤ ਦਾ ਭੁਗਤਾਨ ਕਰਨ ਦੀ ਚੋਣ ਕੀਤੀ ਹੈ, ਤਾਂ ਤੁਸੀਂ ਇਸ ਸਕੀਮ ਲਈ ਅਜੇ ਵੀ ਅਰਜ਼ੀ ਦੇ ਸਕਦੇ ਹੋ।







# ਕੀ ਮੈਂ ਸਕੀਮ ਲਈ ਯੋਗ ਹਾਂ?

**ਇਹ ਪਤਾ ਲਾਉਣ ਵਿਚ ਮਦਦ ਲਈ ਕਿ ਤੁਸੀਂ ਸਕੀਮ ਲਈ ਯੋਗ ਹੋ, ਇਸ ਕਿਤਾਬਚੇ ਦੇ ਪਿਛਲੇ ਪਾਸੇ ਨਾਲ ਨੱਥੀ ਅਸਾਨੀ ਨਾਲ ਸਮਝ ਆਉਣ ਵਾਲਾ ਫ਼ਲੋਚਾਰਟ ਹੈ।**

**ਵਾਟਰਸ਼ਿਓਰ ਲਈ ਯੋਗ ਹੋਣ ਵਾਸਤੇ, ਤੁਹਾਨੂੰ ਜਾਂ ਤੁਹਾਡੇ ਘਰ ਦੇ ਮੈਂਬਰ ਨੂੰ ਹੇਠਾਂ ਦਿਤੇ ਲਾਭਾਂ/ਟੈਕਸ ਕ੍ਰੈਡਿਟਾਂ ਵਿਚੋਂ ਇਕ ਮਿਲਦਾ ਹੋਣਾ ਚਾਹੀਦਾ ਹੈ:**

- ਆਮਦਨ ਸਹਾਇਤਾ
- ਆਮਦਨ ਅਧਾਰਿਤ ਨੌਕਰੀ ਦੀ ਭਾਲ ਕਰ ਰਹੇ ਲੋਕਾਂ ਦਾ ਭੱਤਾ
- ਹਾਉਸਿੰਗ ਲਾਭ
- ਕੌਂਸਲ ਟੈਕਸ ਲਾਭ (ਇਕੱਲੇ ਵਿਅਕਤੀ ਦੀ ਛੋਟ ਨਹੀਂ)
- ਵਰਕਿੰਗ ਟੈਕਸ ਕ੍ਰੈਡਿਟ
- ਬਾਲ ਟੈਕਸ ਕ੍ਰੈਡਿਟ (ਸਿਰਫ਼ ਪਰਿਵਾਰਕ ਹਿੱਸੇ ਦੀ ਪ੍ਰਾਪਤੀ ਵਾਲੇ ਪਰਿਵਾਰਾਂ ਤੋਂ ਛੁੱਟ)
- ਪੇਨਸ਼ਨ ਕ੍ਰੈਡਿਟ
- ਆਮਦਨ-ਅਧਾਰਿਤ ਰੋਜ਼ਗਾਰ ਅਤੇ ਸਹਾਇਤਾ ਭੱਤਾ

**ਅਤੇ ਇਸ ਤੋਂ ਅਲਾਵਾ ਇਹਨਾਂ ਵਿਚੋਂ ਕੋਈ ਵੀ:**

- ਉਸੀ ਪਤੇ ‘ਤੇ ਰਹਿ ਰਹੇ 19 ਸਾਲ ਤੋਂ ਘੱਟ ਉਮਰ ਦੇ ਤਿੰਨ ਜਾਂ ਵੱਧ ਬੱਚੇ ਅਤੇ ਅਜੇ ਵੀ ਪੂਰੇ ਸਮੇਂ ਦੀ ਪੜ੍ਹਾਈ ਕਰ ਰਹੇ ਹਨ, ਲਈ ਬਾਲ ਲਾਭ ਲੈਣਾ।

**ਜਾਂ:**

ਤੁਹਾਡੀ ਜਾਂ ਤੁਹਾਡੇ ਘਰ ਦੇ ਕਿਸੇ ਮੈਂਬਰ ਦੀ ਹੇਠਾਂ ਦਿਤੀਆਂ ਸਥਿਤੀਆਂ ਵਿਚੋਂ ਇਕ ਹੈ, ਜਿਸ ਕਰਕੇ ਬਹੁਤ ਸਾਰੇ ਪਾਣੀ ਦੀ ਵਰਤੋਂ ਕਰਨੀ ਪੈਂਦੀ ਹੈ:

- ਡੈਸਕੁਆਮੇਸ਼ਨ (ਪੇਪੜੀ ਵਾਲੀ ਚਮੜੀ ਦੀ ਬਿਮਾਰੀ)
- ਪਾਣੀ ਵਗਣ ਵਾਲੀ ਚਮੜੀ ਦੀ ਬਿਮਾਰੀ (ਲੂਤ, ਦਾਣੇਦਾਰ ਧੱਫੜ, ਸੁੱਜੀ ਹੋਈ ਨਾੜੀ ਦਾ ਨਾਸੂਰ ਬਣਨਾ)
- ਅਸੰਜਮ
- ਢਿੱਡ ਦਾ ਸਟੋਮਾ
- ਕ੍ਰੋਹਨ’ਸ ਬਿਮਾਰੀ
- ਵੱਡੀ ਆਂਦਰ ਦੀ ਨਾਸੂਰੀ ਸੋਜ਼
- ਗੁਰਦਿਆਂ ਦੇ ਕੰਮ ਬੰਦ ਕਰਨ ਕਰਕੇ ਘਰ ਵਿਚ ਡਾਇਲਿਸਿਸ ਦੀ ਲੋੜ (ਜਿਥੇ ਸਿਹਤ ਅਥਾੱਰਿਟੀ ਡਾਇਲਿਸਿਸ ਲਈ ਯੋਗਦਾਨ ਦਿੰਦੀ ਹੈ, ਤੋਂ ਛੁੱਟ)
- ਹੋਰ ਮੈਡੀਕਲ ਸਥਿਤੀਆਂ ਪ੍ਰਵਾਨ ਕੀਤੀਆਂ ਜਾ ਸਕਦੀਆਂ ਹਨ, ਜੇ ਸਥਿਤੀ ਵਿਚ ਪਾਣੀ ਦੀ ਚੋਖੀ ਮਾਤਰਾ ਵਿਚ ਵਰਤੋਂ ਹੁੰਦੀ ਹੈ ਅਤੇ ਇਸਦੀ ਹਿਮਾਇਤ ਇਕ ਰਜਿਸਟਰਡ ਡਾੱਕਟਰ ਜਾਂ ਰਜਿਸਟਰਡ ਪ੍ਰੈਕਟਿਸ਼ਨਰ ਵਲੋਂ ਜਾਰੀ ਕੀਤੇ ਗਏ ਦਸਤਖ਼ਤ ਕੀਤੇ ਹੋਏ ਸਰਟੀਫ਼ਿਕੇਟ ਰਾਹੀਂ ਹੁੰਦੀ ਹੈ।

**ਤੁਸੀਂ ਸਕੀਮ ਲਈ ਯੋਗ ਨਹੀਂ ਹੋ, ਜੇ:**

- ਤੁਹਾਡਾ ਬਿੱਲ ਮੀਟਰ ਰੀਡਿੰਗ ‘ਤੇ ਅਧਾਰਿਤ ਨਹੀਂ ਹੈ (ਜਦ ਤਕ ਕਿ ਅਸੀਂ ਤੁਹਾਡੀ ਸੰਪਤੀ ਵਿਚ ਪਾਣੀ ਦਾ ਮੀਟਰ ਲਾਉਣ ਦੇ ਅਸਮਰੱਥ ਸੀ ਅਤੇ ਤੁਸੀਂ ਇਕ ਮੁਲਾਂਕਣ ਕੀਤੀ ਗਈ ਲਾਗਤ ਦਾ ਭੁਗਤਾਨ ਕਰਨ ਦੀ ਚੋਣ ਕੀਤੀ ਸੀ)
- ਤੁਹਾਡਾ 10,000 ਲੀਟਰ ਦੀ ਸਮਰੱਥਾ ਵਾਲਾ ਆਪੇ ਭਰਿਆ ਜਾਣ ਵਾਲਾ ਸਵਿਮਿੰਗ ਪੂਲ ਹੈ
- ਤੁਸੀਂ ਆਪਣੇ ਬਗ਼ੀਚੇ ਨੂੰ ਹੱਥ ਨਾਲ ਨਾ ਫੜੇ ਜਾਣ ਵਾਲੇ ਸਪ੍ਰਿੰਕਲਰ ਜਾਂ ਘਰੇਲੂ ਸਿੰਜਾਈ ਸਿਸਟਮ ਵਰਗੇ ਉਪਕਰਣ ਨਾਲ ਪਾਣੀ ਦਿੰਦੇ ਹੋ।

# ਮੈਂ ਅਰਜ਼ੀ ਕਿਵੇਂ ਦਿਆਂ?

**ਜੇ ਤੁਸੀਂ ਸੋਚਦੇ ਹੋ ਕਿ ਤੁਸੀਂ ਯੋਗ ਹੋ, ਤੁਹਾਡੇ ਪਾਣੀ ਦੇ ਬਿੱਲ ਦਾ ਭੁਗਤਾਨ ਕਰਨ ਵਾਲੇ ਵਿਅਕਤੀ ਨੂੰ ਇਸ ਕਿਤਾਬਚੇ ਦੇ ਪਿਛੇ ਦਿਤੇ ਗਏ ਅਰਜ਼ੀ ਫ਼ਾਰਮ ਨੂੰ ਭਰਨਾ ਚਾਹੀਦਾ ਹੈ, ਅਤੇ ਇਸਦੇ ਨਾਲ ਸਾਨੂੰ ਇਸ ਪਤੇ ‘ਤੇ ਸਬੰਧਿਤ ਦਸਤਾਵੇਜ਼ਾਂ ਦੀਆਂ ਕਾੱਪੀਆਂ ਨਾਲ ਭੇਜੋ: United Utilities, PO Box 50, Warrington, WA55 1AQ.**

ਤਾਂ ਜੋ ਅਸੀਂ ਜਿੰਨੀ ਛੇਤੀ ਸੰਭਵ ਹੋ ਸਕੇ, ਤੁਹਾਡੀ ਅਰਜ਼ੀ ਨੂੰ ਅੱਗੇ ਤੋਰ ਸਕੀਏ, ਇਸ ਲਈ ਇਹ ਜ਼ਰੂਰੀ ਹੈ ਕਿ ਤੁਸੀਂ ਆਪਣੀ ਹਿਮਾਇਤੀ ਜਾਣਕਾਰੀ ਦੀਆਂ ਕਾੱਪੀਆਂ ਨਾਲ ਨੱਥੀ ਕਰੋ। ਅਸੀਂ ਉਹਨਾਂ ਤੋਂ ਬਿਨਾ ਤੁਹਾਨੂੰ ਸਕੀਮ ਵਿਚ ਪਾਉਣ ਦੇ ਅਸਮਰੱਥ ਹਾਂ।

ਤੁਹਾਡੇ ਵਲੋਂ ਉਪਲਬਧ ਕਰਾਈ ਜਾਣ ਵਾਲੀ ਹਿਮਾਇਤੀ ਜਾਣਕਾਰੀ ਦੇ ਪੂਰੇ ਵੇਰਵੇ ਸਫ਼ਾ 10 ‘ਤੇ ਦਿਤੇ ਗਏ ਹਨ।

ਕਿਸੇ ਵੀ ਗੁਆਚੇ ਹੋਏ ਦਸਤਾਵੇਜ਼ ਕਰਕੇ ਉਸ ਤਾਰੀਖ਼ ਵਿਚ ਦੇਰ ਹੋ ਸਕਦੀ ਹੈ, ਜਿਸ ਦਿਨ ਤੁਹਾਨੂੰ ਸਕੀਮ ਵਿਚ ਪ੍ਰਵਾਨ ਕੀਤਾ ਜਾਣਾ ਹੈ (ਜੇ ਸਫ਼ਲ ਹੁੰਦੇ ਹੋ)।



**ਜੇ ਤੁਹਾਡੇ ਕੋਈ ਸੁਆਲ ਹਨ ਜਾਂ ਅਰਜ਼ੀ ਫ਼ਾਰਮ ਭਰਨ ਵਿਚ ਮਦਦ ਦੀ ਲੋੜ ਹੈ, ਤਾਂ ਕਿਰਪਾ ਕਰਕੇ 0845 309 3001 ‘ਤੇ ਜਾਂ ਟੈਕਸਟਫ਼ੋਨ 0808 143 1195 ‘ਤੇ ਸਾਨੂੰ ਕਾੱਲ ਕਰੋ।**



# ਅਰਜ਼ੀ ਦੇਣ ਵਾਲਿਆਂ ਲਈ ਸੇਧ ਨੋਟ

## ਲਾਭ ਜਾਂ ਟੈਕਸ ਕ੍ਰੈਡਿਟ

ਜਦੋਂ ਤੁਸੀਂ ਲਾਭ/ਟੈਕਸ ਕ੍ਰੈਡਿਟ ਲਈ ਪਹਿਲੀ ਵਾਰੀ ਅਰਜ਼ੀ ਦਿੰਦੇ ਹੋ, ਤਾਂ ਤੁਹਾਨੂੰ ਹੱਕਦਾਰੀ ਦਾ ਨੋਟਿਸ ਜਾਂ ਗ੍ਰਾਂਟ ਦਾ ਨੋਟਿਸ ਮਿਲਣਾ ਚਾਹੀਦਾ ਹੈ। ਇਹ ਜ਼ਰੂਰੀ ਹੈ ਕਿ ਤੁਸੀਂ ਆਪਣੀ ਹਾਲੀਆ ਹੱਕਦਾਰੀ ਜਾਂ ਗ੍ਰਾਂਟ ਦੇ ਨੋਟਿਸ ਦੀ ਫ਼ੋਟੋਕਾੱਪੀ ਨਾਲ ਨੱਥੀ ਕਰੋ।

ਜੇ ਤੁਸੀਂ ਇਕ ਸਾਲ ਤੋਂ ਲਾਭ/ਟੈਕਸ ਕ੍ਰੈਡਿਟਾਂ ਦਾ ਦਾਅਵਾ ਲੈ ਰਹੇ ਹੋ, ਤਾਂ ਤੁਹਾਨੂੰ ਸਲਾਨਾ ਨੋਟਿਸ ਮਿਲੇਗਾ, ਜਿਸ ਵਿਚ ਤੁਹਾਨੂੰ ਮੌਜੂਦਾ ਸਾਲ ਲਈ ਲਾਭ ਦੀ ਪੱਧਰ ਦੱਸਦਾ ਹੈ। ਜੇ ਤੁਹਾਡੀਆਂ ਸਥਿਤੀਆਂ ਬਦਲਦੀਆਂ ਹਨ, ਤਾਂ ਵੀ ਤੁਹਾਨੂੰ ਨੋਟਿਸ ਮਿਲੇਗਾ।

ਤੁਹਾਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਨੋਟਿਸ ਇਕ ਸਾਲ ਤੋਂ ਹੈ (ਟੈਕਸ ਕ੍ਰੈਡਿਟਾਂ ਦੇ ਮਾਮਲੇ ਵਿਚ ਛੇ ਮਹੀਨੇ ਤੋਂ ਘੱਟ) ਅਤੇ ਇਹ ਕਿ ਇਸ ਉਪਰ ਤੁਹਾਡਾ ਮੌਜੂਦਾ ਪਤਾ ਹੈ।

ਅਸੀਂ ਆਰਜ਼ੀ ਟੈਕਸ ਕ੍ਰੈਡਿਟ ਨੋਟਿਸਾਂ ਨੂੰ ਪ੍ਰਵਾਨ ਕਰਨ ਦੇ ਅਸਮਰੱਥ ਹਾਂ, ਕਿਉਂਕਿ ਉਹਨਾਂ ਨਾਲ ਹੱਕਦਾਰੀ ਦੀ ਪੁਸ਼ਟੀ ਨਹੀਂ ਹੁੰਦੀ।

## ਤਿੰਨ ਜਾਂ ਵੱਧ ਬੱਚਿਆਂ ਵਾਲੇ ਅਰਜ਼ੀ ਦੇਣ ਵਾਲੇ

ਜੇ ਤੁਸੀਂ ਦਾਅਵਾ ਕਰ ਰਹੇ ਹੋ, ਕਿਉਂਕਿ ਤੁਸੀਂ ਜਾਂ ਤੁਹਾਡੇ ਘਰ ਦਾ ਮੈਂਬਰ 19 ਸਾਲ ਤੋਂ ਘੱਟ ਉਮਰ ਦੇ ਤਿੰਨ ਜਾਂ ਵੱਧ ਬੱਚਿਆਂ (ਉਸੀ ਪਤੇ 'ਤੇ ਰਹਿ ਰਹੇ ਹਨ ਅਤੇ ਅਜੇ ਵੀ ਪੂਰੇ ਸਮੇਂ ਦੀ ਪੜ੍ਹਾਈ ਕਰ ਰਹੇ ਹਨ) ਲਈ ਬਾਲ ਲਾਭ ਲੈਂਦੇ ਹੋ, ਤਾਂ ਤੁਹਾਨੂੰ ਹਰ ਬੱਚੇ ਲਈ ਬਾਲ ਲਾਭ ਲਈ ਹੱਕਦਾਰੀ ਦੇ ਹਾਲੀਆ ਨੋਟਿਸ ਦੀ ਕਾੱਪੀ ਜ਼ਰੂਰ ਉਪਲਬਧ ਕਰਨੀ ਚਾਹੀਦੀ ਹੈ। ਬਾਲ ਲਾਭ ਸੈਂਟਰ ਤੋਂ ਉਪਲਬਧ DL84 TS ਫ਼ਾਰਮ ਦੀ ਕਾੱਪੀ ਭਰਨੀ ਚਾਹੀਦੀ ਹੈ।

ਬਾਲ ਲਾਭ ਦੇ ਹੱਕਦਾਰੀ ਦੇ ਨੋਟਿਸ ਵਿਚ ਦਾਅਵਾ ਕਰਨ ਵਾਲੇ ਦੇ ਪਤੇ ਦੇ ਵੇਰਵੇ ਜ਼ਰੂਰ ਸ਼ਾਮਿਲ ਹੋਣੇ ਚਾਹੀਦੇ ਹਨ।

## ਵਿਸ਼ੇਸ਼ ਮੈਡੀਕਲ ਸਥਿਤੀਆਂ ਲਈ ਅਰਜ਼ੀ ਦੇਣ ਵਾਲੇ

ਜੇ ਤੁਸੀਂ ਦਾਅਵਾ ਕਰ ਰਹੇ ਹੋ, ਕਿਉਂਕਿ ਤੁਹਾਡੀ ਜਾਂ ਤੁਹਾਡੇ ਘਰ ਦੇ ਇਕ ਮੈਂਬਰ ਦੀ ਫ਼ਲੋਚਾਰਟ 'ਤੇ ਦਿਤੀਆਂ ਹੋਈਆਂ ਵਿਸ਼ੇਸ਼ ਮੈਡੀਕਲ ਸਥਿਤੀਆਂ ਵਿਚੋਂ ਇਕ ਹੈ, ਤੁਹਾਨੂੰ ਅਰਜ਼ੀ ਫ਼ਾਰਮ ਦੇ ਸਬੰਧਿਤ ਸੈਕਸ਼ਨ ਨੂੰ ਭਰਨ ਅਤੇ ਤੁਹਾਡੇ ਸਲਾਹਕਾਰ, ਜੀਪੀ ਜਾਂ ਸਿਹਤ ਵਿਜ਼ਿਟਰ ਵਲੋਂ ਦਸਤਖ਼ਤ ਕੀਤੇ ਹੋਣੇ ਚਾਹੀਦੇ ਹਨ।

## ਉਹਨਾਂ ਹੋਰ ਦੱਸੀਆਂ ਗਈਆਂ ਵਿਸ਼ੇਸ਼ ਸਥਿਤੀਆਂ ਤੋਂ ਅਲਾਵਾ ਵਿਸ਼ੇਸ਼ ਮੈਡੀਕਲ ਸਥਿਤੀਆਂ ਲਈ ਅਰਜ਼ੀ ਦੇਣ ਵਾਲੇ

ਜੇ ਤੁਸੀਂ ਦਾਅਵਾ ਕਰ ਰਹੇ ਹੋ, ਕਿਉਂਕਿ ਤੁਹਾਡੀ ਜਾਂ ਤੁਹਾਡੇ ਘਰ ਦੇ ਇਕ ਮੈਂਬਰ ਦੀ ਮੈਡੀਕਲ ਸਥਿਤੀ ਹੈ, ਜਿਸਦੇ ਨਤੀਜੇ ਵਜੋਂ ਜ਼ਰੂਰੀ ਉਦੇਸ਼ਾਂ ਲਈ ਪਾਣੀ ਦੀ ਚੋਖੀ ਮਾਤਰਾ ਦੀ ਵਰਤੋਂ ਹੁੰਦੀ ਹੈ, ਤੁਹਾਨੂੰ ਆਪਣੇ ਅਰਜ਼ੀ ਫ਼ਾਰਮ ਦੇ ਨਾਲ ਡਾੱਕਟਰ ਜਾਂ ਰਜਿਸਟਰਡ ਪ੍ਰੈਕਟਿਸ਼ਨਰ ਵਲੋਂ ਜਾਰੀ ਕੀਤੇ ਗਏ ਦਸਤਖ਼ਤ ਕੀਤੇ ਹੋਏ ਸਰਟੀਫ਼ਿਕੇਟ ਉਪਲਬਧ ਕਰਾਉਣ ਦੀ ਲੋੜ ਪਏਗੀ।

# ਤੁਹਾਡੇ ਸੁਆਲਾਂ ਦੇ ਜਵਾਬ

### ਮੈਂ ਆਪਣੀ ਯੋਗਤਾ ਨੂੰ ਕਿਵੇਂ ਸਿੱਧ ਕਰਾਂ?

ਸਕੀਮ 'ਤੇ ਤੁਹਾਨੂੰ ਪ੍ਰਵਾਨ ਕਰਨ ਲਈ ਸਾਨੂੰ ਸਮਰੱਥ ਕਰਨ ਲਈ, ਤੁਹਾਨੂੰ ਆਪਣੇ ਭਰੇ ਹੋਏ ਅਰਜ਼ੀ ਫ਼ਾਰਮ ਦੀ ਹਿਮਾਇਤ ਵਿਚ ਸਬੂਤ ਉਪਲਬਧ ਕਰਾਉਣ ਦੀ ਲੋੜ ਪਏਗੀ। ਹਿਮਾਇਤੀ ਜਾਣਕਾਰੀ, ਜੋ ਤੁਹਾਨੂੰ ਉਪਲਬਧ ਕਰਾਉਣ ਦੀ ਲੋੜ ਹੈ, ਦੇ ਪੂਰੇ ਵੇਰਵੇ ਸਫ਼ਾ 10 'ਤੇ ਦਰਸਾਏ ਗਏ ਹਨ।

### ਜੇ ਸਕੀਮ ਵਿਚ ਪ੍ਰਵਾਨ ਹੋ ਜਾਂਦਾ/ਜਾਂਦੀ ਹਾਂ, ਤਾਂ ਮੇਰੀਆਂ ਲਾਗਤਾਂ ਵਿਚ ਤਰਮੀਮ ਕਦੋਂ ਹੋਏਗੀ?

ਅਸੀਂ ਹਿਮਾਇਤੀ ਸਬੂਤ ਨਾਲ ਤੁਹਾਡੇ ਪੂਰੇ ਭਰੇ ਹੋਏ ਅਰਜ਼ੀ ਫ਼ਾਰਮ 'ਤੇ ਕਾਰਵਾਈ ਸ਼ੁਰੂ ਕਰਦਿਆਂ ਹੀ, ਅਸੀਂ ਤੁਹਾਡੀ ਆਖ਼ਰੀ ਮੀਟਰ ਰੀਡਿੰਗ ਤੋਂ ਬਾਅਦ ਦੇ ਦਿਨ ਤੋਂ ਤੁਹਾਡੀਆਂ ਲਾਗਤਾਂ ਵਿਚ ਤਰਮੀਮ ਕਰਾਂਗੇ। ਤੁਹਾਨੂੰ ਪੁਸ਼ਟੀ ਮਿਲੇਗੀ, ਜਿਸ ਵਿਚ ਇਹਨਾਂ ਤਬਦੀਲੀਆਂ ਬਾਰੇ ਹੋਰ ਵੇਰਵੇ ਨਾਲ ਦੱਸਿਆ ਹੋਏਗਾ। ਪਰ, ਇਸ ਵਿਚ ਪਿਛਲੇ ਬਿੱਲਾਂ ਤੋਂ ਕੋਈ ਬਕਾਏ ਘੱਟ **ਨਹੀਂ ਕੀਤੇ ਜਾਣਗੇ** ਅਤੇ ਕੋਈ ਵੀ ਦੇਣੀਆਂ ਰਹਿੰਦੀਆਂ ਰਕਮਾਂ ਦਾ ਪੂਰਾ ਭੁਗਤਾਨ ਕਰਨ ਦੀ ਲੋੜ ਪਏਗੀ।

### ਕੀ ਜੇ ਮੇਰੀ ਅਰਜ਼ੀ ਸਿਰੇ ਨਹੀਂ ਚੜ੍ਹਦੀ?

ਅਸੀਂ ਤੁਹਾਡੇ ਨਾਲ ਸੰਪਰਕ ਕਰਾਂਗੇ ਅਤੇ ਤੁਹਾਨੂੰ ਦੱਸਾਂਗੇ ਕਿ ਤੁਹਾਡੀ ਅਰਜ਼ੀ ਸਿਰੇ ਕਿਉਂ ਨਹੀਂ ਚੜ੍ਹੀ। ਪਰ, ਜੇ ਤੁਹਾਡੀਆਂ ਸਥਿਤੀਆਂ ਬਦਲਦੀਆਂ ਹਨ, ਤਾਂ ਤੁਸੀਂ ਫਿਰ ਤੋਂ ਅਰਜ਼ੀ ਦੇ ਸਕਦੇ ਹੋ।

### ਕੀ ਮੈਨੂੰ ਆਪਣੇ ਬਿੱਲ ਦਾ ਭੁਗਤਾਨ ਕਰਨ ਦਾ ਤਰੀਕਾ ਬਦਲਣਾ ਪਏਗਾ?

ਨਹੀਂ। ਤੁਸੀਂ ਆਪਣੇ ਤਰੀਕੇ ਨਾਲ ਭੁਗਤਾਨ ਕਰਨਾ ਜਾਰੀ ਰਖ ਸਕਦੇ ਹੋ। ਤੁਹਾਡੀਆਂ ਨਵੀਆਂ ਲਾਗਤਾਂ ਤੁਹਾਡੇ ਬਿੱਲ 'ਤੇ ਸਾਫ਼ ਤੌਰ 'ਤੇ ਦਰਸਾਈਆਂ ਗਈਆਂ ਹੋਣਗੀਆਂ। ਜੇ ਤੁਸੀਂ ਡਾਇਰੈਕਟ ਡੈਬਿਟ ਨਾਲ ਭੁਗਤਾਨ ਕਰਨ ਦੀ ਚੋਣ ਕਰਦੇ ਹੋ, ਤਾਂ ਤੁਹਾਨੂੰ, ਤੁਹਾਡੇ ਬਿੱਲ 'ਤੇ ਹਰ ਸਾਲ ਵਾਧੂ £5 ਦੀ ਛੋਟ ਮਿਲੇਗੀ।

### ਕੀ ਜੇ ਔਸਤ ਬਿੱਲ ਵਰਤੇ ਗਏ ਅਸਲ ਪਾਣੀ ਦੇ ਮੇਰੇ ਬਿੱਲ ਤੋਂ ਘੱਟ ਹੈ?

ਹਰ ਸਾਲ, ਅਸੀਂ ਵੇਖਾਂਗੇ ਕਿ ਤੁਸੀਂ ਕੀ ਭੁਗਤਾਨ ਕੀਤਾ ਹੈ, ਜੇ ਤੁਹਾਡਾ ਬਿੱਲ ਵਰਤੇ ਗਏ ਅਸਲ ਪਾਣੀ ਦੀ ਮਾਤਰਾ ਦੇ ਹਿਸਾਬ ਨਾਲ ਲਾਇਆ ਗਿਆ ਹੈ। ਜੇ ਇਹ ਤੁਹਾਡੇ ਔਸਤ ਬਿੱਲ ਨਾਲੋਂ ਘੱਟ ਨਿਕਲਦਾ ਹੈ, ਤਾਂ ਅਸੀਂ ਫ਼ਰਕ ਨੂੰ ਤੁਹਾਡੇ ਖਾਤੇ ਵਿਚ ਜਮ੍ਹਾ ਕਰ ਦਿਆਂਗੇ।

### ਮੈਨੂੰ ਮਦਦ ਕਿੰਨੀ ਦੇਰ ਤਕ ਮਿਲੇਗੀ?

ਜਦ ਤਕ ਤੁਹਾਡੀਆਂ ਸਥਿਤੀਆਂ ਨਹੀਂ ਬਦਲਦੀਆਂ, ਤੁਸੀਂ ਸਕੀਮ ਲਈ ਯੋਗ ਹੋਵੋਗੇ ਅਤੇ ਤੁਹਾਨੂੰ ਅੱਗੇ ਮਦਦ ਦੀ ਲੋੜ ਨਹੀਂ ਪਏਗੀ। ਪਰ, ਤੁਹਾਨੂੰ ਹਰ 12 ਮਹੀਨਿਆਂ ਵਿਚ ਦੁਬਾਰਾ ਅਰਜ਼ੀ ਦੇਣੀ ਪਏਗੀ, ਪਰ ਫ਼ਿਕਰ ਕਰਨ ਦੀ ਲੋੜ ਨਹੀਂ, ਇਹ ਕਦੋਂ ਕਰਨਾ ਹੈ, ਅਸੀਂ ਇਸ ਬਾਰੇ ਤੁਹਾਨੂੰ ਯਾਦ ਕਰਾਵਾਂਗੇ। ਪਰ, ਜੇ ਤੁਸੀਂ ਦੁਬਾਰਾ ਅਰਜ਼ੀ ਨਾ ਦੇਣ ਦਾ ਫ਼ੈਸਲਾ ਕਰਦੇ ਹੋ, ਤਾਂ ਤੁਹਾਨੂੰ ਫਿਰ ਤੋਂ ਇਸ ਸਕੀਮ ਲਈ ਯੋਗ ਹੋਣ ਤੋਂ ਪਹਿਲਾਂ ਵਾਲੇ ਤਰੀਕੇ ਨਾਲ ਭੁਗਤਾਨ ਕਰਨ 'ਤੇ ਵਾਪਸ ਆਉਦਾ ਪਏਗਾ।

### ਕੀ ਮੈਂ ਆਪਣੀਆਂ ਸੀਵਰੇਜ ਲਾਗਤਾਂ ਵਿਚ ਕਮੀ ਲਈ ਦਾਅਵਾ ਕਰ ਸਕਦਾ/ਸਕਦੀ ਹਾਂ, ਜੇ ਮੇਰੇ ਕੋਲ ਸਤਹੀ ਪਾਣੀ ਦਾ ਕਨੈਕਸ਼ਨ ਨਹੀਂ ਹੈ?

ਹਾਂ। ਇਕ ਵਾਰੀ ਜੇ ਅਸੀਂ ਪੁਸ਼ਟੀ ਕਰ ਦਿਤੀ ਕਿ ਕੋਈ ਕਨੈਕਸ਼ਨ ਨਹੀਂ ਹੈ, ਅਸੀਂ ਤੁਹਾਡੀ ਸੀਵਰ ਲਾਗਤ ਵਿਚ 2011-2012 ਲਈ ਹਰ ਸਾਲ £160 ਘਟਾਵਾਂਗੇ।

## ਕੀ ਜੇ ਮੇਰੀਆਂ ਸਥਿਤੀਆਂ ਬਦਲ ਜਾਣ?

ਜੇ ਤੁਹਾਡੀਆਂ ਸਥਿਤੀਆਂ ਬਦਲ ਜਾਂਦੀਆਂ ਹਨ, ਤਾਂ ਤੁਹਾਨੂੰ ਸਾਨੂੰ ਫ਼ੌਰਨ ਦੱਸਣਾ ਚਾਹੀਦਾ ਹੈ, ਇਸ ਲਈ ਕਿ ਤੁਸੀਂ ਹੁਣ ਮਦਦ ਲਈ ਯੋਗ ਨਹੀਂ ਹੋ। ਪਰ, ਬਿਲਿੰਗ ਦੇ ਸਮੇਂ ਦੇ ਅਖ਼ੀਰ ਤਕ, ਜਿਸ ਵਿਚ ਤੁਸੀਂ ਸਾਨੂੰ ਦੱਸਦੇ ਹੋ ਕਿ ਤੁਸੀਂ ਹੁਣ ਸਕੀਮ ਲਈ ਯੋਗ ਨਹੀਂ ਹੋ, ਤੁਹਾਡੀਆਂ ਲਾਗਤਾਂ ਸਾਡੇ ਵਾਟਰਸ਼ਿਓਰ ਟੈਰਿਫ਼ ਦੇ ਅਧਾਰ 'ਤੇ ਜਾਰੀ ਰਹਿਣਗੀਆਂ। ਫਿਰ ਭਵਿਖ ਦੇ ਬਿੱਲ ਵਰਤੇ ਗਏ ਪਾਣੀ ਦੀ ਮਾਤਰਾ 'ਤੇ ਅਧਾਰਿਤ ਹੋਣਗੇ (ਜਾਂ ਮੁਲਾਂਕਣ ਕੀਤੀ ਗਈ ਲਾਗਤ 'ਤੇ ਅਧਾਰਿਤ, ਜੇ ਤੁਸੀਂ ਪਹਿਲਾਂ ਆਪਣੇ ਪਾਣੀ ਲਈ ਇਸ ਤਰ੍ਹਾਂ ਭੁਗਤਾਨ ਕਰਦੇ ਸੀ)।

## ਕੀ ਜੇ ਮੈਨੂੰ ਭੁਗਤਾਨ ਕਰਨ ਵਿਚ ਮੁਸ਼ਕਿਲ ਹੁੰਦੀ ਹੈ?

ਜੇ ਤੁਹਾਨੂੰ ਭੁਗਤਾਨ ਕਰਨ ਵਿਚ ਮੁਸ਼ਕਿਲ ਹੁੰਦੀ ਹੈ, ਤਾਂ ਤੁਹਾਨੂੰ ਜਿੰਨੀ ਛੇਤੀ ਸੰਭਵ ਹੋਵੇ, 0845 746 2222 'ਤੇ ਜਾਂ ਟੈਕਸਟਫ਼ੋਨ 0808 143 1195 'ਤੇ ਸਾਡੇ ਨਾਲ ਸੰਪਰਕ ਕਰਨਾ ਚਾਹੀਦਾ ਹੈ। ਅਸੀਂ ਆਮ ਤੌਰ 'ਤੇ ਭੁਗਤਾਨ ਦੇ ਪ੍ਰਬੰਧ ਬਾਰੇ ਸਹਿਮਤ ਹੋ ਸਕਦੇ ਹਾਂ, ਜਿਸ ਨਾਲ ਮਦਦ ਮਿਲੇਗੀ। ਜੇ ਤੁਸੀਂ ਆਮਦਨ ਸਹਾਇਤਾ 'ਤੇ ਹੋ, ਤਾਂ ਅਸੀਂ ਤੁਹਾਡੇ ਲਾਭ ਦੇ ਭੁਗਤਾਨਾਂ ਤੋਂ ਸਿੱਧਿਆਂ ਤੁਹਾਡੇ ਬਿੱਲ ਦੇ ਭੁਗਤਾਨ ਲਈ ਤੁਹਾਡੇ ਲਈ ਪ੍ਰਬੰਧ ਕਰਨ ਦੇ ਸਮਰੱਥ ਹੋ ਸਕਦੇ ਹਾਂ।



# ਤੁਹਾਡੀ ਅਰਜ਼ੀ ਦੀ ਹਿਮਾਇਤ ਲਈ ਲੋੜੀਂਦੇ ਸਬੂਤ

**ਤੁਹਾਡੀਆਂ ਸਥਿਤੀਆਂ 'ਤੇ ਨਿਰਭਰ ਕਰਦਿਆਂ, ਤੁਹਾਨੂੰ ਆਪਣੇ ਭਰੇ ਹੋਏ ਫ਼ਾਰਮ ਦੇ ਨਾਲ ਹੇਠਾਂ ਦਿਤੇ ਦਸਤਾਵੇਜ਼ਾਂ ਦੀਆਂ ਕਾੱਪੀਆਂ ਸ਼ਾਮਿਲ ਹੋਣੀਆਂ ਚਾਹੀਦੀਆਂ ਹਨ:**

### ਲਾਭ ਜਾਂ ਟੈਕਸ ਕ੍ਰੈਡਿਟ

ਹੱਕਦਾਰੀ ਦਾ ਨੋਟਿਸ ਜਾਂ ਗ੍ਰਾਂਟ ਦੇ ਨੋਟਿਸ ਦੀ ਹਾਲੀਆ ਕਾੱਪੀ।

- ਲਾਭਾਂ ਲਈ ਇਕ ਸਾਲ ਤੋਂ ਘੱਟ
- ਟੈਕਸ ਕ੍ਰੈਡਿਟਾਂ ਲਈ ਛੇ ਮਹੀਨੇ ਤੋਂ ਘੱਟ

ਜੇ ਤੁਹਾਡਾ ਹੱਕਦਾਰੀ ਦਾ ਨੋਟਿਸ ਜਾਂ ਗ੍ਰਾਂਟ ਨੋਟਿਸ ਸਰਟੀਫ਼ਿਕੇਟ ਗੁਆਚ ਗਿਆ ਹੈ, ਤਾਂ ਕਿਰਪਾ ਕਰਕੇ ਤੁਹਾਡੇ ਲਈ ਲਾਭ ਜਾਂ ਟੈਕਸ ਕ੍ਰੈਡਿਟ ਦਾ ਪ੍ਰਬੰਧ ਕਰਨ ਵਾਲੀ ਜਥੇਬੰਦੀ ਨਾਲ ਸੰਪਰਕ ਕਰਕੇ ਬਦਲਵਾਂ ਸਰਟੀਫ਼ਿਕੇਟ ਹਾਸਲ ਕਰੋ।

### ਤਿੰਨ ਜਾਂ ਵੱਧ ਬੱਚੇ

ਬਾਲ ਲਾਭ ਲਈ ਹੱਕਦਾਰੀ ਦਾ ਸਬੂਤ, ਜਿਸ ਵਿਚ ਜਨਮ-ਤਾਰੀਖ਼ਾਂ ਸ਼ਾਮਿਲ ਹਨ। ਇਹ ਹੋਣੇ ਚਾਹੀਦੇ ਹਨ:

- ਬਾਲ ਲਾਭ ਸੈਂਟਰ ਤੋਂ ਉਪਲਬਧ DL84TS ਫ਼ਾਰਮ ਦੀ ਭਰੀ ਹੋਈ ਕਾੱਪੀ।

ਜੇ ਤੁਹਾਨੂੰ ਬਾਲ ਲਾਭ ਲਈ ਆਪਣੇ ਹਾਲੀਆ ਹੱਕਦਾਰੀ ਦੇ ਨੋਟਿਸ ਦੀ ਕਾੱਪੀ ਨਹੀਂ ਮਿਲ ਸਕਦੀ, ਤਾਂ ਕਿਰਪਾ ਕਰਕੇ ਬਾਲ ਲਾਭ ਸੈਂਟਰ ਨਾਲ ਸੰਪਰਕ ਕਰੋ ਅਤੇ DL84TS ਫ਼ਾਰਮ ਦੀ ਭਰੀ ਹੋਈ ਕਾੱਪੀ ਲਈ ਕਹੋ।

### ਮੈਡੀਕਲ ਸਥਿਤੀ – ਫ਼ਲੋਚਾਰਟ 'ਤੇ ਦਿਤੀ ਗਈ

ਪੂਰਾ ਭਰਿਆ ਅਤੇ ਇਹਨਾਂ 'ਚੋਂ ਕਿਸੇ ਵਲੋਂ ਦਸਤਖ਼ਤ ਕੀਤਾ ਗਿਆ ਅਰਜ਼ੀ ਫ਼ਾਰਮ:

- ਸਲਾਹਕਾਰ
- ਸਿਹਤ ਵਿਜ਼ਿਟਰ
- ਜੀਪੀ

### ਹੋਰ ਮੈਡੀਕਲ ਸਥਿਤੀ

ਰਜਿਸਟਰਡ ਮੈਡੀਕਲ ਪ੍ਰੈਕਟਿਸ਼ਨਰ ਵਲੋਂ ਦਸਤਖ਼ਤ ਕੀਤਾ ਗਿਆ ਲਿਖਤੀ ਸਰਟੀਫ਼ਿਕੇਟ/ਰਿਪੋਰਟ, ਜਿਸ ਵਿਚ ਦਿਤਾ ਜਾਏ:

- ਮੈਡੀਕਲ ਸਥਿਤੀ ਵਾਲੇ ਵਿਅਕਤੀ ਦਾ ਨਾਂ
- ਮੈਡੀਕਲ ਸਥਿਤੀ ਦਾ ਵਿਸ਼ਲੇਸ਼ਣ, ਜਿਸ ਕਰਕੇ ਚੋਖੇ ਪਾਣੀ ਦੀ ਵਰਤੋਂ ਹੁੰਦੀ ਹੈ
- ਸਰਟੀਫ਼ਿਕੇਟ ਦਿਤੇ ਜਾਣ ਦੀ ਤਾਰੀਖ਼
- ਰਜਿਸਟਰਡ ਪ੍ਰੈਕਟਿਸ਼ਨਰ/ਡਾੱਕਟਰ ਦਾ ਨਾਂ ਅਤੇ ਪਤਾ।

### ਮਹੱਤਵਪੂਰਣ:

**ਕਿਰਪਾ ਕਰਕੇ ਸਾਨੂੰ ਸਿਰਫ਼ ਆਪਣੇ ਦਸਤਾਵੇਜ਼ਾਂ (ਅਸਲ ਨਹੀਂ) ਦੀਆਂ ਕਾੱਪੀਆਂ ਭੇਜੋ, ਕਿਉਂਕਿ ਅਸੀਂ ਤੁਹਾਨੂੰ ਕੁਝ ਵੀ ਭੇਜਣ ਦੇ ਸਮਰੱਥ ਨਹੀਂ ਹਾਂ।**

## ਹੋਰ ਲੀਫ਼ਲੈਟ, ਜੋ ਕਿ ਦਿਲਚਸਪੀ ਵਾਲੇ ਹੋ ਸਕਦੇ ਹਨ:

- ਸੇਵਾ ਦੇ ਸਾਡੇ ਮਿਆਰ
- ਪਾਈਪਾਂ, ਨਾਲੀਆਂ ਅਤੇ ਸੀਵਰਾਂ ਲਈ ਅਸਾਨ ਗਾਈਡ
- ਕੀ ਤੁਸੀਂ ਪਾਣੀ ਦੇ ਮੀਟਰ ਨਾਲ ਘੱਟ ਭੁਗਤਾਨ ਕਰ ਸਕਦੇ ਹੋ?
- ਘਰੇਲੂ ਪਾਣੀ ਦੇ ਮੀਟਰਾਂ ਦੀ ਟੈਸਟਿੰਗ
- ਆਪਣੇ ਪਾਣੀ ਦੇ ਬਿੱਲ ਦਾ ਭੁਗਤਾਨ ਕਰਨ ਲਈ ਅਸਾਨ ਗਾਈਡ
- ਐਕਸਟ੍ਰਾਕੇਅਰ
- ਪਾਣੀ ਨੂੰ ਸਮਝਦਾਰੀ ਨਾਲ ਵਰਤਣ ਬਾਰੇ ਗਾਈਡ
- ਸ਼ਿਕਾਇਤਾਂ ਸਬੰਧੀ ਸਾਡਾ ਅਮਲ
- ਸੀਸੇ ਅਤੇ ਸਾਂਝੀ ਸਪਲਾਈ ਵਾਲੇ ਪਾਈਪ ਬਦਲਣਾ

ਸਾਡੇ ਸਾਰੇ ਲੀਫ਼ਲੈਟ ਸਾਡੀ ਵੈਬਸਾਈਟ: unitedutilities.com/leaflets ਤੋਂ ਡਾਊਨਲੋਡ ਕਰਨ ਲਈ ਉਪਲਬਧ ਹਨ। ਇਸ ਤੋਂ ਅਲਾਵਾ, ਕਿਰਪਾ ਕਰਕੇ **0845 303 7711** 'ਤੇ ਸਾਡੀ 24-ਘੰਟੇ ਦੀ ਆੱਟੋਮੇਟਿਡ ਲੀਫ਼ਲੈਟ ਬੇਨਤੀ ਲਾਈਨ ਜਾਂ ਟੈਕਸਟਫ਼ੋਨ **0808 143 1195** 'ਤੇ ਕਾੱਲ ਕਰੋ, ਜਾਂ ਇਥੇ ਲਿਖੋ: United Utilities (Dept LR), 1050 Europa Boulevard, Warrington WA55 1LR.

## ਸਾਡੇ ਸਾਰੇ ਕਿਤਾਬਚੇ ਵੱਡੇ ਅੱਖਰਾਂ, ਬ੍ਰੇਲ ਵਿਚ ਅਤੇ ਆੱਡੀਓ ਕੈਸੇਟ 'ਤੇ ਉਪਲਬਧ ਹਨ।

ਜੇ ਅੰਗ੍ਰੇਜ਼ੀ ਤੁਹਾਡੀ ਮਾਂ-ਬੋਲੀ ਨਹੀਂ ਹੈ, ਤਾਂ ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ। ਅਸੀਂ ਆਪਣੀਆਂ ਸਾਰੀਆਂ ਮੁਖ ਸੇਵਾਵਾਂ ਸਬੰਧੀ ਕਿਤਾਬਚੇ ਇਹਨਾਂ ਭਾਸ਼ਾਵਾਂ ਵਿਚ ਅਨੁਵਾਦ ਕੀਤੇ ਹਨ: ਹਿੰਦੀ, ਉਰਦੂ, ਗੁਜਰਾਤੀ, ਚੀਨੀ, ਬੰਗਾਲੀ ਅਤੇ ਪੰਜਾਬੀ। ਇਕ ਕਾੱਪੀ ਦੀ ਬੇਨਤੀ ਕਰਨ ਲਈ ਕਿਰਪਾ ਕਰਕੇ ਸਾਨੂੰ **0845 746 1100** 'ਤੇ ਜਾਂ ਟੈਕਸਟਫ਼ੋਨ **0808 143 1195** 'ਤੇ ਕਾੱਲ ਕਰੋ।

## ਤੁਹਾਡਾ ਬਿੱਲ

ਆਪਣੇ ਬਿੱਲ ਬਾਰੇ ਗੱਲਬਾਤ ਕਰਨ ਲਈ **0845 746 1100** 'ਤੇ (ਜੇ ਤੁਹਾਡਾ ਪਾਣੀ ਦਾ ਮੀਟਰ ਨਹੀਂ ਹੈ) ਜਾਂ **0845 746 2222** 'ਤੇ (ਜੇ ਤੁਹਾਡਾ ਪਾਣੀ ਦਾ ਮੀਟਰ ਹੈ) ਜਾਂ ਟੈਕੋਸਟਫ਼ੋਨ **0808 143 1195** 'ਤੇ ਕਾੱਲ ਕਰੋ। ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਵਜੇ ਤੋਂ ਰਾਤੀਂ 8 ਵਜੇ, ਸ਼ਨਿਚਰਵਾਰ ਸਵੇਰੇ 8 ਵਜੇ ਤੋਂ ਸ਼ਾਮੀਂ 5 ਵਜੇ ਤਕ।
**ਜਾਂ ਇਥੇ ਲਿਖੋ:** United Utilities, PO Box 459, Warrington, WA55 1WB.

## ਤੁਹਾਡਾ ਪਾਣੀ ਅਤੇ ਗੰਦੇ ਪਾਣੀ ਸਬੰਧੀ ਸੇਵਾਵਾਂ

ਆਪਣੇ ਪਾਣੀ ਜਾਂ ਗੰਦੇ ਪਾਣੀ ਸਬੰਧੀ ਸੇਵਾਵਾਂ ਦੀਆਂ ਸਮਸਿਆਵਾਂ ਦੀ ਰਿਪੋਰਟ ਕਰਨ ਲਈ **0845 746 2200** 'ਤੇ ਜਾਂ ਟੈਕਸਟਫ਼ੋਨ **0808 143 0295** 'ਤੇ ਕਾੱਲ ਕਰੋ। ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਵਜੇ ਤੋਂ ਰਾਤੀਂ 8 ਵਜੇ, ਸ਼ਨਿਚਰਵਾਰ ਸਵੇਰੇ 8 ਵਜੇ ਤੋਂ ਸ਼ਾਮੀਂ 6 ਵਜੇ ਤਕ, ਐਤਵਾਰ ਸਵੇਰੇ 8 ਵਜੇ ਤੋਂ ਦੁਪਹਿਰ 12 ਵਜੇ ਤਕ। ਦਫ਼ਤਰ ਦੇ ਸਮੇਂ ਤੋਂ ਬਾਅਦ ਐਮਰਜੈਂਸੀ ਸੇਵਾ।
**ਜਾਂ ਇਥੇ ਲਿਖੋ:** United Utilities, PO Box 453, Warrington, WA55 1SE.

unitedutilities.com

United Utilities Water PLC
Haweswater House
Lingley Mere Business Park
Lingley Green Avenue
Warrington
WA5 3LP

ਇੰਗਲੈਂਡ ਅਤੇ ਵੇਲਸ ਵਿਚ ਰਜਿਸਟਰਡ
ਰਜਿਸਟਰਡ ਨੰਬਰ 2366678

02/11/SD/4444c



United Utilities | ਅੱਜ ਸੇਵਾ ਦੇ ਰਹੇ ਹਾਂ, ਭਵਿੱਖ ਦੀ ਉਸਾਰੀ ਲਈ

ਵਾਟਰਸ਼ਿਓਰ ਸਕੀਮ

# ਕੀ ਤੁਸੀਂ ਯੋਗ ਹੋ?

ਇਹ ਫ਼ਲੋਚਾਰਟ ਫ਼ੈਸਲਾ ਕਰਨ ਵਿਚ ਤੁਹਾਡੀ ਮਦਦ ਕਰੇਗਾ ਕਿ ਤੁਸੀਂ ਵਾਟਰਸ਼ਿਓਰ ਸਕੀਮ (ਜਿਸਨੂੰ ਪਹਿਲਾਂ ਸੰਵੇਦਨਸ਼ੀਲ ਗਾਹਕ ਸਕੀਮ ਕਿਹਾ ਜਾਂਦਾ ਸੀ) ਲਈ ਯੋਗ ਹੋ।

United Utilities

**ਕੀ ਤੁਹਾਡਾ ਪਾਣੀ ਦਾ ਮੀਟਰ ਹੈ ਜਾਂ ਤੁਸੀਂ ਮੁਲਾਂਕਣ ਕੀਤੀਆਂ ਹੋਈਆਂ ਲਾਗਤਾਂ ਪ੍ਰਾਪਤ ਕਰ ਰਹੇ ਹੋ?**

ਹਾਂ → ਅਗਲਾ ਸਵਾਲ / ਨਹੀਂ → ਤੁਸੀਂ ਵਾਟਰਸ਼ਿਓਰ ਲਈ ਯੋਗ ਨਹੀਂ ਹੋ

**ਕੀ ਤੁਸੀਂ ਜਾਂ ਤੁਹਾਡੇ ਘਰ ਵਿਚ ਕੋਈ ਹੋਰ ਇਹਨਾਂ ਲਾਭਾਂ ਜਾਂ ਟੈਕਸ ਕ੍ਰੈਡਿਟਾਂ ਵਿਚੋਂ ਕੋਈ ਲੈ ਰਿਹਾ ਹੈ?**

- ਆਮਦਨ ਸਹਾਇਤਾ
- ਆਮਦਨ ਅਧਾਰਿਤ ਨੌਕਰੀ ਦੀ ਭਾਲ ਕਰ ਰਹੇ ਲੋਕਾਂ ਦਾ ਭੱਤਾ
- ਹਾਉਸਿੰਗ ਲਾਭ
- ਕੌਂਸਲ ਟੈਕਸ ਲਾਭ (ਇਕੱਲੇ ਵਿਅਕਤੀ ਦੀ ਛੋਟ ਨਹੀਂ)
- ਵਰਕਿੰਗ ਟੈਕਸ ਕ੍ਰੈਡਿਟ
- ਪੈਨਸ਼ਨ ਕ੍ਰੈਡਿਟ
- ਬਾਲ ਟੈਕਸ ਕ੍ਰੈਡਿਟ (ਸਿਰਫ਼ ਪਰਿਵਾਰਕ ਹਿੱਸੇ ਤੋਂ ਅਲਾਵਾ)
- ਆਮਦਨ-ਅਧਾਰਿਤ ਰੋਜ਼ਗਾਰ ਅਤੇ ਸਹਾਇਤਾ ਭੱਤਾ

ਹਾਂ → ਅਗਲਾ ਸਵਾਲ / ਨਹੀਂ → ਤੁਸੀਂ ਵਾਟਰਸ਼ਿਓਰ ਲਈ ਯੋਗ ਨਹੀਂ ਹੋ

**ਕੀ ਤੁਹਾਡੀ ਜਾਂ ਤੁਹਾਡੇ ਘਰ ਵਿਚ ਕਿਸੇ ਹੋਰ ਦੀ ਇਹਨਾਂ ਮੈਡੀਕਲ ਸਥਿਤੀਆਂ ਵਿਚੋਂ ਕੋਈ ਹੈ?**

- ਡੈਸਕੁਆਮੇਸ਼ਨ (ਪੇਪੜੀ ਵਾਲੀ ਚਮੜੀ ਦੀ ਬਿਮਾਰੀ)
- ਪਾਣੀ ਵਗਣ ਵਾਲੀ ਚਮੜੀ ਦੀ ਬਿਮਾਰੀ (ਲੂਤ, ਦਾਣੇਦਾਰ ਧੱਫੜ, ਸੁੱਜੀ ਹੋਈ ਨਾੜੀ ਦਾ ਨਾਸੂਰ ਬਣਨਾ)
- ਅਸੰਜਮ
- ਢਿੱਡ ਦਾ ਸਟੋਮਾ
- ਕ੍ਰੋਹਨ'ਸ ਬਿਮਾਰੀ
- ਵੱਡੀ ਆਂਦਰ ਦੀ ਨਾਸੂਰੀ ਸੋਜ਼
- ਗੁਰਦਿਆਂ ਦੇ ਕੰਮ ਬੰਦ ਕਰਨ ਕਰਕੇ ਘਰ ਵਿਚ ਡਾਇਲਿਸਿਸ ਦੀ ਲੋੜ (ਜਿਥੇ ਸਿਹਤ ਅਥਾੱਰਿਟੀ ਡਾਇਲਿਸਿਸ ਲਈ ਯੋਗਦਾਨ ਦਿੰਦੀ ਹੈ, ਤੋਂ ਛੁੱਟ)
- ਕੋਈ ਹੋਰ ਮੈਡੀਕਲ ਸਥਿਤੀ, ਜਿਸ ਕਰਕੇ ਚੋਖੇ ਵਾਧੂ ਪਾਣੀ ਦੀ ਵਰਤੋਂ ਦੀ ਲੋੜ ਹੈ ਅਤੇ ਡਾੱਕਟਰ ਦੇ ਸਰਟੀਫ਼ਿਕੇਟ ਨਾਲ ਸਿੱਧ ਕੀਤਾ ਜਾ ਸਕਦਾ ਹੈ।

ਹਾਂ → ਤੁਹਾਡੇ, ਵਾਟਰਸ਼ਿਓਰ ਲਈ ਯੋਗ ਹੋਣ ਦੀ ਸੰਭਾਵਨਾ ਹੈ / ਨਹੀਂ → ਅਗਲਾ ਸਵਾਲ

**ਕੀ ਤੁਸੀਂ ਜਾਂ ਤੁਹਾਡੇ ਘਰ ਦਾ ਮੈਂਬਰ ਲਾਭ ਜਾਂ ਟੈਕਸ ਕ੍ਰੈਡਿਟ ਅਤੇ ਤੁਹਾਡੇ ਘਰ ਵਿਚ ਰਹਿਣ ਵਾਲੇ 19 ਸਾਲ ਤੋਂ ਘੱਟ ਉਮਰ ਦੇ ਤਿੰਨ ਜਾਂ ਵੱਧ ਬੱਚੇ ਬਾਲ ਲਾਭ ਲੈਂਦੇ ਹਨ?**

ਹਾਂ → ਤੁਹਾਡੇ, ਵਾਟਰਸ਼ਿਓਰ ਲਈ ਯੋਗ ਹੋਣ ਦੀ ਸੰਭਾਵਨਾ ਹੈ / ਨਹੀਂ → ਤੁਸੀਂ ਵਾਟਰਸ਼ਿਓਰ ਲਈ ਯੋਗ ਨਹੀਂ ਹੋ

**ਤੁਹਾਡੇ, ਵਾਟਰਸ਼ਿਓਰ ਲਈ ਯੋਗ ਹੋਣ ਦੀ ਸੰਭਾਵਨਾ ਹੈ। ਕਿਰਪਾ ਕਰਕੇ ਅਰਜ਼ੀ ਫ਼ਾਰਮ ਭਰੋ ਅਤੇ ਬੇਨਤੀ ਕੀਤੇ ਗਏ ਸਬੂਤ ਨਾਲ ਸਾਨੂੰ ਵਾਪਸ ਭੇਜੋ।**

**ਤੁਸੀਂ ਵਾਟਰਸ਼ਿਓਰ ਲਈ ਯੋਗ ਨਹੀਂ ਹੋ**

ਆਪਣੇ ਬਿੱਲ ਦਾ ਭੁਗਤਾਨ ਕਰਨ ਲਈ ਮਦਦ ਦੇ ਹੋਰਨਾਂ ਤਰੀਕਿਆਂ ਬਾਰੇ ਸਲਾਹ ਲਈ ਤੁਸੀਂ 0845 746 2222 'ਤੇ ਸਾਡੇ ਨਾਲ ਸੰਪਰਕ ਕਰਨਾ ਚਾਹ ਸਕਦੇ ਹੋ। ਉਦਾਹਰਣ ਲਈ, ਜੇ ਤੁਹਾਡੇ ਕੋਲ ਪਾਣੀ ਦਾ ਮੀਟਰ ਨਹੀਂ ਹੈ, ਤਾਂ ਤੁਸੀਂ ਇਸਦੀ ਵਰਤੋਂ ਕਰਨਾ ਚਾਹ ਸਕਦੇ ਹੋ; ਪਾਣੀ ਬਚਾਉਣ ਦਾ ਉਪਕਰਣ ਲਾਉਣਾ; ਜਾਂ ਯਕੀਨੀ ਬਣਾਉਣਾ ਕਿ ਤੁਹਾਡੀਆਂ ਸਥਿਤੀਆਂ ਲਈ ਤੁਹਾਡੇ ਕੋਲ ਭੁਗਤਾਨ ਦਾ ਵਧੀਆ ਪਲਾਨ ਹੈ।

**ਕਿਰਪਾ ਕਰਕੇ ਧਿਆਨ ਦਿਓ: ਤੁਸੀਂ ਵਾਟਰਸ਼ਿਓਰ ਲਈ ਯੋਗ ਨਹੀਂ ਹੋ, ਜੇ:**

- ਤੁਸੀਂ ਉਪਰ ਦਿਤੇ ਲਾਭਾਂ ਵਿਚੋਂ ਇਕ ਵੀ ਨਹੀਂ ਲੈਂਦੇ
- ਤੁਹਾਡਾ ਬਿੱਲ ਪਾਣੀ ਦੇ ਮੀਟਰ ਦੀ ਰੀਡਿੰਗ 'ਤੇ ਅਧਾਰਿਤ ਨਹੀਂ ਹੈ (ਜਦ ਤਕ ਕਿ ਅਸੀਂ ਤੁਹਾਡੀ ਸੰਪਤੀ ਵਿਚ ਮੀਟਰ ਲਾਉਣ ਦੇ ਸਮਰੱਥ ਨਹੀਂ ਸੀ ਅਤੇ ਤੁਸੀਂ ਮੁਲਾਂਕਣ ਕੀਤੀ ਗਈ ਲਾਗਤ ਦਾ ਭੁਗਤਾਨ ਕਰਨ ਦੀ ਚੋਣ ਕੀਤੀ)
- ਤੁਸੀਂ ਆਪਣੇ ਬਾਗ ਨੂੰ ਸਪ੍ਰਿੰਕਲਰ ਜਾਂ ਘਰੇਲੂ ਸਿੰਜਾਈ ਸਿਸਟਮ ਵਰਗੇ ਹੱਥ ਵਿਚ ਨਾ ਫੜੇ ਜਾਣ ਵਾਲੇ ਉਪਕਰਣ ਨਾਲ ਪਾਣੀ ਦਿੰਦੇ ਹੋ
- ਤੁਹਾਡਾ ਆਪਣੇ ਆਪ ਭਰਿਆ ਜਾਣ ਵਾਲਾ ਸਵਿਮਿੰਗ ਪੂਲ ਜਾਂ 10,000 ਲੀਟਰ ਤੋਂ ਵੱਧ ਦੀ ਸਮਰੱਥਾ ਵਾਲਾ ਤਲਾਅ ਹੈ

# ਵਾਟਰਸ਼ਿਓਰ ਲਈ ਕਿਵੇਂ ਅਰਜ਼ੀ ਦਿਓ

## (ਜਿਸਨੂੰ ਪਹਿਲਾਂ ਸੰਵੇਦਨਸ਼ੀਲ ਗਾਹਕ ਸਕੀਮ ਕਿਹਾ ਜਾਂਦਾ ਸੀ)

### ਵਾਟਰਸ਼ਿਓਰ ਸਕੀਮ ਤੁਹਾਡੀ ਮਦਦ ਕਰ ਸਕਦੀ ਹੈ, ਜੇ ਤੁਹਾਡੀ ਘੱਟ-ਆਮਦਨ ਹੈ ਅਤੇ ਤੁਹਾਡੇ ਪਾਣੀ ਦੀ ਸਪਲਾਈ ਪਾਣੀ ਵਾਲੇ ਮੀਟਰ ਰਾਹੀਂ ਹੁੰਦੀ ਹੈ। ਅਸੀਂ ਪਾਣੀ ਅਤੇ ਸੀਵਰੇਜ ਸੇਵਾਵਾਂ ਲਈ ਤੁਹਾਡੀਆਂ ਲਾਗਤਾਂ ਸੀਮਤ ਕਰਕੇ ਮਦਦ ਕਰ ਸਕਦੇ ਹਾਂ, ਬਸ਼ਰਤੇ ਤੁਸੀਂ ਹੇਠਾਂ ਦਿਤੀਆਂ ਸ਼ਰਤਾਂ ਦੀ ਪਾਲਣਾ ਕਰੋ:

1 ਤੁਹਾਡੀ ਸਪਲਾਈ ਮੀਟਰ ਨਾਲ ਹੁੰਦੀ ਹੈ (ਜਾਂ ਤੁਸੀਂ ਮੁਲਾਂਕਣ ਵਾਲੀ ਲਾਗਤ ਦਾ ਭੁਗਤਾਨ ਕਰ ਰਹੇ ਹੋ, ਕਿਉਂਕਿ ਅਸੀਂ ਤੁਹਾਡੀ ਸੰਪਤੀ ਵਿਚ ਮੀਟਰ ਲਾਉਣ ਵਿਚ ਅਸਮਰੱਥ ਸੀ)।

2 ਵਿਅਕਤੀ ਜੋ ਪਾਣੀ ਦੇ ਬਿੱਲ ਦਾ ਭੁਗਤਾਨ ਕਰਦਾ ਹੈ ਜਾਂ ਤੁਹਾਡੇ ਘਰ ਵਿਚ ਕੋਈ ਹੋਰ **ਲਾਭ** (ਕਿਹੜੇ ਲਾਭ ਯੋਗ ਹੁੰਦੇ ਹਨ ਦੀ ਸੂਚੀ ਲਈ ਕਿਰਪਾ ਕਰਕੇ ਸਫ਼ਾ 5 ਵੇਖੋ) ਜਾਂ **ਟੈਕਸ ਕ੍ਰੈਡਿਟ** ਪ੍ਰਾਪਤ ਕਰਦਾ ਹੈ; ਅਤੇ ਇਸ ਤੋਂ ਅਲਾਵਾ:

3 ਇਹ ਇਹਨਾਂ 'ਚੋਂ ਹਨ:

ੳ) ਘਰ ਵਿਚ 19 ਸਾਲ ਤੋਂ ਘੱਟ ਉਮਰ ਦੇ **ਤਿੰਨ ਜਾਂ ਵੱਧ ਬੱਚੇ** ਰਹਿੰਦੇ ਹਨ, ਜਿਹਨਾਂ ਲਈ ਵਿਅਕਤੀ ਉਪਰੋਕਤ ਲਾਭ ਦੇ ਨਾਲ ਨਾਲ ਬਾਲ ਲਾਭ ਵੀ ਪ੍ਰਾਪਤ ਕਰ ਰਿਹਾ ਹੈ; ਜਾਂ

ਬ) ਤੁਹਾਡੀ ਜਾਂ ਤੁਹਾਡੇ ਘਰ ਵਿਚ ਰਹਿ ਰਹੇ ਕਿਸੇ ਵਿਅਕਤੀ ਦੀ **ਮੈਡੀਕਲ ਸਥਿਤੀ** ਹੈ, ਜਿਸਦਾ ਮਤਲਬ ਹੈ ਕਿ ਉਹ ਬਹੁਤ ਜ਼ਿਆਦਾ ਪਾਣੀ ਵਰਤਦਾ ਹੈ।

**ਇਸ ਸਾਲ (1 ਅਪ੍ਰੈਲ, 2011 ਤੋਂ 31 ਮਾਰਚ, 2012), ਵਾਟਰਸ਼ਿਓਰ ਸਕੀਮ ਲਈ ਘਟੀਆਂ ਹੋਈਆਂ ਲਾਗਤਾਂ ਹਨ:**

| | ਪਾਣੀ | ਸੀਵਰੇਜ | ਕੁੱਲ |
|---|---|---|---|
| ਔਸਤ ਘਰ ਸਲਾਨਾ | £182 | £194 | £376 |

ਜੇ ਤੁਹਾਡੀਆਂ ਮੌਜੂਦਾ ਲਾਗਤਾਂ ਇਸ ਨਾਲੋਂ ਵੱਧ ਹਨ, ਤਾਂ ਤੁਸੀਂ ਘਟੀਆਂ ਹੋਈਆਂ ਦਰਾਂ ਦਾ ਭੁਗਤਾਨ ਕਰਨ ਦੇ ਹੱਕਦਾਰ ਹੋ ਸਕਦੇ ਹੋ। ਇਕ ਵਾਰੀ ਵਾਟਰਸ਼ਿਓਰ ਸਕੀਮ ਵਿਚ ਹੋਣ 'ਤੇ, ਜੇ ਤੁਹਾਡਾ ਮੀਟਰ ਦਾ ਅਸਲ ਬਿੱਲ ਘਟੀ ਹੋਈ ਲਾਗਤ ਤੋਂ ਘੱਟ ਹੈ, ਤਾਂ ਅਸੀਂ ਤੁਹਾਡੇ ਤੋਂ ਸਿਰਫ਼ ਘੱਟ ਰਕਮ ਹੀ ਲਵਾਂਗੇ।

### ਕਿਵੇਂ ਅਰਜ਼ੀ ਦਿਓ

1 ਅਰਜ਼ੀ ਫ਼ਾਰਮ ਭਰੋ ਅਤੇ ਇਸਨੂੰ ਲੋੜੀਂਦੇ ਪੁਸ਼ਟੀ ਵਾਲੇ ਸਬੂਤ ਨਾਲ ਸਾਨੂੰ ਵਾਪਸ ਭੇਜੋ। ਜੇ ਫ਼ਾਰਮ ਭਰਨ ਲਈ ਤੁਹਾਨੂੰ ਮਦਦ ਦੀ ਲੋੜ ਹੈ, ਤਾਂ ਕਿਰਪਾ ਕਰਕੇ ਸਾਨੂੰ ਫ਼ੋਨ ਕਰੋ।

2 ਪਾਣੀ ਵਾਲੇ ਬਿੱਲ 'ਤੇ ਨਾਂ ਵਾਲੇ ਵਿਅਕਤੀ ਦੇ ਨਾਲ ਨਾਲ ਲਾਭ ਲੈਣ ਵਾਲੇ ਵਿਅਕਤੀ ਜਾਂ ਜਿਸਦੀ ਮੈਡੀਕਲ ਸਥਿਤੀ ਹੈ, ਨੂੰ ਫ਼ਾਰਮ 'ਤੇ ਦਸਤਖ਼ਤ ਕਰਨੇ ਚਾਹੀਦੇ ਹਨ (ਜੇ ਉਹ ਪਾਣੀ ਦੇ ਬਿੱਲ 'ਤੇ ਦਿਤੇ ਗਏ ਨਾਂ ਵਾਲੇ ਵਿਅਕਤੀ ਨਹੀਂ ਹਨ)।

3 ਅਸੀਂ 10 ਕਾਰਜਕਾਰੀ ਦਿਨਾਂ ਦੇ ਅੰਦਰ ਅੰਦਰ ਤੁਹਾਨੂੰ ਫ਼ੈਸਲਾ ਦੇਣ ਦੀ ਕੋਸ਼ਿਸ਼ ਕਰਾਂਗੇ। ਜੇ ਤੁਹਾਨੂੰ ਕਿਸੇ ਹੋਰ ਜਾਣਕਾਰੀ ਦੀ ਲੋੜ ਹੈ, ਤਾਂ ਅਸੀਂ ਤੁਹਾਡੇ ਨਾਲ ਸੰਪਰਕ ਕਰਾਂਗੇ।

4 ਜੇ ਤੁਹਾਡੀ ਅਰਜ਼ੀ ਮੰਜ਼ੂਰ ਨਹੀਂ ਹੋਈ, ਤਾਂ ਅਸੀਂ ਤੁਹਾਨੂੰ ਦੱਸਾਂਗੇ ਕਿ ਕਿਉਂ।

5 ਜੇ ਤੁਹਾਡੀ ਅਰਜ਼ੀ ਮੰਜ਼ੂਰ ਹੋ ਗਈ ਹੈ, ਤਾਂ ਅਸੀਂ ਤੁਹਾਡੇ ਅਗਲੇ ਬਿੱਲ ਲਈ ਵਾਟਰਸ਼ਿਓਰ ਟੈਰਿਫ਼ ਨੂੰ ਅਰਜ਼ੀ ਦਿਆਂਗੇ।

## ਕੀ ਫ਼ਾਰਮ ਭਰਨ ਵਿਚ ਤੁਹਾਨੂੰ ਮਦਦ ਦੀ ਲੋੜ ਹੈ?

## ਸਾਡੀ ਹੈਲਪਲਾਈਨ 0845 309 3001 'ਤੇ ਕਾੱਲ ਕਰੋ

**ਜੇ ਤੁਸੀਂ ਕਹਿੰਦੇ ਹੋ, ਤਾਂ ਅਸੀਂ ਇਹ ਜਾਣਕਾਰੀ ਵੱਡੇ ਅੱਖਰਾਂ ਜਾਂ ਵੱਖਰੇ ਰੂਪਾਂ ਵਿਚ ਉਪਲਬਧ ਕਰ ਸਕਦੇ ਹਾਂ।
ਅਸੀਂ ਇਸ ਫ਼ਾਰਮ ਨੂੰ ਹਿੰਦੀ, ਉਰਦੂ, ਗੁਜਰਾਤੀ, ਚੀਨੀ, ਬੰਗਾਲੀ ਅਤੇ ਪੰਜਾਬੀ ਵਿਚ ਵੀ ਉਪਲਬਧ ਕਰ ਸਕਦੇ ਹਾਂ।
ਵੇਰਵਿਆਂ ਲਈ ਕਿਰਪਾ ਕਰਕੇ ਸਾਨੂੰ ਕਾੱਲ ਕਰੋ।**

## ਯੂਨਾਇਟਿਡ ਯੂਟੀਲਿਟਿਜ਼ ਤੋਂ ਐਕਸਟ੍ਰਾਕੇਅਰ

ਅਸੀਂ ਵਾਧੂ ਲੋੜਾਂ ਵਾਲੇ ਗਾਹਕਾਂ ਲਈ ਮੁਫ਼ਤ ਸੇਵਾਵਾਂ ਦੀ ਰੇਂਜ ਉਪਲਬਧ ਕਰਦੇ ਹਾਂ। ਸਾਡੀਆਂ ਐਕਸਟ੍ਰਾਕੇਅਰ ਸੇਵਾਵਾਂ ਉਹਨਾਂ ਗਾਹਕਾਂ ਲਈ ਆਦਰਸ਼ਕ ਹਨ:

- ਜਿਹਨਾਂ ਨੂੰ ਅਪੰਗਤਾ ਹੈ
- ਜਿਹਨਾਂ ਨੂੰ ਗੰਭੀਰ ਬਿਮਾਰੀ ਹੈ
- ਜਿਹਨਾਂ ਨੂੰ ਵੇਖਣ, ਸੁਣਨ ਜਾਂ ਸਿਖਣ ਵਿਚ ਮੁਸ਼ਕਿਲਾਂ ਹਨ ਜਾਂ
- ਪਾਸਵਰਡ ਚਾਹੁੰਦੇ ਹਨ

ਹੋਰ ਜਾਣਕਾਰੀ ਲਈ ਸਾਡੀ ਵੈਬਸਾਈਟ **www.unitedutilities.com/extracare**
'ਤੇ ਜਾਓ ਜਾਂ **0845 303 7711** 'ਤੇ ਸਾਡੀ 24-ਘੰਟੇ ਦੀ ਆੱਟੋਮੇਟਿਡ ਲੀਫ਼ਲੈਟ ਲਾਈਨ ਤੋਂ ਕਿਤਾਬਚੇ ਲਈ ਬੇਨਤੀ ਕਰੋ।


unitedutilities.com

United Utilities Water PLC
Haweswater House
Lingley Mere Business Park
Lingley Green Avenue
Great Sankey
Warrington
WA5 3LP

ਇੰਗਲੈਂਡ ਅਤੇ ਵੇਲਸ ਵਿਚ ਰਜਿਸਟਰਡ
ਰਜਿਸਟਰਡ ਨੰਬਰ 2366678


02/11/SD/4444a



United Utilities | ਅੱਜ ਸੇਵਾ ਦੇ ਰਹੇ ਹਾਂ,
ਭਵਿੱਖ ਦੀ ਉਸਾਰੀ ਲਈ

# ਵਾਟਰਸ਼ਿਓਰ ਸਕੀਮ ਅਰਜ਼ੀ ਫ਼ਾਰਮ

ਇਸ ਜਾਣਕਾਰੀ ਦੀ ਤੁਹਾਡੇ ਦਾਅਵੇ ਦਾ ਮੁਲਾਂਕਣ ਕਰਨ ਲਈ ਲੋੜ ਹੈ ਅਤੇ ਇਸਦੀ ਕਿਸੇ ਹੋਰ ਉਦੇਸ਼ ਲਈ ਵਰਤੋਂ ਨਹੀਂ ਕੀਤੀ ਜਾਏਗੀ।

United Utilities

## ਮਹੱਤਵਪੂਰਣ – ਕਿਰਪਾ ਕਰਕੇ ਪੜ੍ਹੋ:

**ਤੁਹਾਨੂੰ ਜਾਂ ਤੁਹਾਡੇ ਘਰ ਵਿਚ ਕਿਸੇ ਹੋਰ ਨੂੰ ਸਾਡੀ ਵਾਟਰਸ਼ਿਓਰ ਸਕੀਮ ਲਈ ਯੋਗ ਹੋਣ ਵਾਸਤੇ ਹੇਠਾਂ ਦਿਤੇ ਲਾਭਾਂ ਜਾਂ ਟੈਕਸ ਕ੍ਰੈਡਿਟਾਂ ਵਿਚੋਂ ਘੱਟੋ ਘੱਟ ਇਕ ਜ਼ਰੂਰ ਮਿਲਣਾ ਚਾਹੀਦਾ ਹੈ। ਜੇ ਤੁਸੀਂ ਇਹਨਾਂ ਲਾਭਾਂ ਵਿਚੋਂ ਕੋਈ ਵੀ ਨਹੀਂ ਲੈਂਦੇ, ਤਾਂ ਤੁਹਾਡੀ ਅਰਜ਼ੀ 'ਤੇ ਵਿਚਾਰ ਨਹੀਂ ਕੀਤਾ ਜਾਏਗਾ।**

**ਕਿਰਪਾ ਕਰਕੇ ਹੇਠਾਂ ਦਿਤੇ ਖਾਨੇ (ਖਾਨਿਆਂ) 'ਤੇ ਸਹੀ ਦਾ ਨਿਸ਼ਾਨ ਲਾਕੇ ਦੱਸੋ ਕਿ ਤੁਹਾਡੇ 'ਤੇ ਕਿਹੜੇ ਲਾਭ ਲਾਗੂ ਹੁੰਦੇ ਹਨ:**

### ਲਾਭਾਂ ਜਾਂ ਟੈਕਸ ਕ੍ਰੈਡਿਟਾਂ ਬਾਰੇ

1 ਕੀ ਤੁਸੀਂ ਜਾਂ ਤੁਹਾਡੇ ਘਰ ਵਿਚ ਕੋਈ ਹੋਰ ਹੇਠਾਂ ਦਿਤੇ ਲਾਭ ਜਾਂ ਟੈਕਸ ਕ੍ਰੈਡਿਟ ਲੈ ਰਿਹਾ ਹੈ? ਕਿਰਪਾ ਕਰਕੇ ਧਿਆਨ ਦਿਓ: ਵਾਟਰਸ਼ਿਓਰ ਸਕੀਮ ਲਈ ਯੋਗ ਹੋਣ ਵਾਸਤੇ ਤੁਹਾਨੂੰ ਹੇਠਾਂ ਦਿਤੇ ਲਾਭਾਂ ਵਿਚੋਂ ਘੱਟੋ ਘੱਟ ਇਕ **ਜ਼ਰੂਰ** ਮਿਲਣਾ ਚਾਹੀਦਾ ਹੈ। (ਕਿਰਪਾ ਕਰਕੇ ਲਾਗੂ ਸਾਰਿਆਂ 'ਤੇ ਨਿਸ਼ਾਨ ਲਾਓ।)

- ਆਮਦਨ ਸਹਾਇਤਾ ☐
- ਆਮਦਨ – ਅਧਾਰਿਤ ਨੌਕਰੀ ਲੱਭਣ ਸਬੰਧੀ ਭੱਤਾ ☐
- ਵਰਕਿੰਗ ਟੈਕਸ ਕ੍ਰੈਡਿਟ ☐
- ਬਾਲ ਟੈਕਸ ਕ੍ਰੈਡਿਟ (ਸਿਰਫ਼ ਪਰਿਵਾਰ ਦਾ ਹਿੱਸਾ ਨਹੀਂ) ☐
- ਹਾਉਸਿੰਗ ਲਾਭ ☐
- ਕੌਂਸਲ ਟੈਕਸ ਲਾਭ (ਇਕੱਲੇ ਵਿਅਕਤੀ ਦੀ ਛੋਟ ਨਹੀਂ) ☐
- ਪੈਨਸ਼ਨ ਕ੍ਰੈਡਿਟ ☐
- ਆਮਦਨ-ਸਬੰਧੀ ਰੋਜ਼ਗਾਰ ਅਤੇ ਸਹਾਇਤਾ ਭੱਤਾ ☐

2 ਕਿਰਪਾ ਕਰਕੇ ਉਸ ਵਿਅਕਤੀ ਦਾ ਨਾਂ ਅਤੇ ਰਾਸ਼ਟਰੀ ਬੀਮਾ ਨੰਬਰ ਦਿਓ, ਜੋ ਉਪਰੋਕਤ ਲਾਭਾਂ ਜਾਂ ਟੈਕਸ ਕ੍ਰੈਡਿਟਾਂ ਵਿਚੋਂ ਇਕ ਜਾਂ ਵੱਧ ਲੈਂਦਾ ਹੈ

ਨਾਂ ..........

ਰਾਸ਼ਟਰੀ ਬੀਮਾ ਨੰਬਰ ☐☐☐☐☐☐☐☐☐☐

### ਟਿੱਪਣੀਆਂ

1 **ਵਾਟਰਸ਼ਿਓਰ ਲਈ ਯੋਗ ਹੋਣ ਵਾਸਤੇ, ਤੁਹਾਡੇ ਘਰ ਵਿਚ ਕੋਈ ਦਿਤੇ ਗਏ ਲਾਭਾਂ ਜਾਂ ਟੈਕਸ ਕ੍ਰੈਡਿਟਾਂ ਵਿਚੋਂ ਘੱਟੋ-ਘੱਟ ਇਕ ਲੈ ਰਿਹਾ ਹੋਣਾ ਚਾਹੀਦਾ ਹੈ।**

**ਤੁਹਾਨੂੰ ਲਾਭਾਂ ਜਾਂ ਟੈਕਸ ਕ੍ਰੈਡਿਟਾਂ ਲਈ ਹਾਲੀਆ 'ਹੱਕਦਾਰੀ ਦਾ ਨੋਟਿਸ' ਦੀ ਇਕ ਕਾਪੀ** ਉਪਲਬਧ ਕਰਾਉਣੀ ਚਾਹੀਦੀ ਹੈ।

**ਲਾਭ ਲਈ** 'ਹੱਕਦਾਰੀ ਦਾ ਨੋਟਿਸ' **ਇਕ ਸਾਲ ਤੋਂ ਘੱਟ ਹੋਣਾ ਚਾਹੀਦਾ ਹੈ ਜਾਂ ਟੈਕਸ ਕ੍ਰੈਡਿਟ ਲਈ ਛੇ ਮਹੀਨੇ ਤੋਂ ਘੱਟ ਹੋਣਾ ਚਾਹੀਦਾ ਹੈ।**

ਜੇ ਤੁਹਾਡੇ ਕੋਲ ਨੋਟਿਸ ਨਹੀਂ ਹੈ, ਤਾਂ ਤੁਸੀਂ ਆਪਣੇ ਕੌਂਸਲ ਜਾਂ ਸਥਾਨਕ ਲਾਭ ਜਾਂ ਟੈਕਸ ਕ੍ਰੈਡਿਟ ਦਫ਼ਤਰ ਨਾਲ ਸੰਪਰਕ ਕਰਕੇ ਬਦਲਵਾਂ ਨੋਟਿਸ ਲੈ ਸਕਦੇ ਹੋ। (ਸਫ਼ਾ 3 'ਤੇ 'ਲਾਹੇਵੰਦ ਸੰਪਰਕ' ਵੇਖੋ।)

ਅਸੀਂ ਟੈਕਸ ਕ੍ਰੈਡਿਟ ਦਾ ਸਲਾਨਾ ਜਾਇਜ਼ਾ ਜਾਂ ਆਰਜ਼ੀ ਨੋਟਿਸ ਪ੍ਰਵਾਨ ਕਰਨ ਦੇ ਸਮਰੱਥ ਨਹੀਂ ਹਾਂ, ਕਿਉਂਕਿ ਉਹਨਾਂ ਨਾਲ ਹੱਕਦਾਰੀਆਂ ਦੀ ਪੁਸ਼ਟੀ ਨਹੀਂ ਹੁੰਦੀ।

## ਤੁਹਾਨੂੰ ਇਹ ਸੈਕਸ਼ਨ ਜ਼ਰੂਰ ਭਰਨਾ ਚਾਹੀਦਾ ਹੈ।

### ਪਾਣੀ ਦੇ ਬਿੱਲ 'ਤੇ ਕਿਸ ਵਿਅਕਤੀ ਦਾ ਨਾਂ ਹੈ?

3 ਸ੍ਰੀ ☐ ਸ੍ਰੀਮਤੀ ☐ ਕੁਮਾਰੀ ☐ ਮਿਸ ☐ ਹੋਰ ☐

4 ਪਹਿਲਾ ਨਾਂ ..........

5 ਅਖ਼ੀਰਲਾ ਨਾਂ ..........

6 ਡਾਕ ਦਾ ਪਤਾ ..........

..........

..........

ਪੋਸਟ ਕੋਡ: ..........

7 ਦਿਨ ਦਾ ਟੈਲੀਫ਼ੋਨ ਨੰਬਰ ..........

8 ਸ਼ਾਮ ਦਾ ਟੈਲੀਫ਼ੋਨ ਨੰਬਰ ..........

ਮੋਬਾਈਲ ਫ਼ੋਨ ਨੰਬਰ ..........

9 ਗਾਹਕ ਨੰਬਰ (ਤੁਹਾਨੂੰ ਇਹ ਤੁਹਾਡੇ ਪਾਣੀ ਦੇ ਬਿੱਲ 'ਤੇ ਮਿਲ ਸਕਦਾ ਹੈ) ☐☐☐☐☐☐☐☐☐☐

### ਹੁਣ ਕੀ ਕਰੋ, ਜੇ ਤੁਸੀਂ ਉਪਰ ਦਿਤੇ ਗਏ ਲਾਭਾਂ ਵਿਚੋਂ ਘੱਟੋ-ਘੱਟ ਇਕ 'ਤੇ ਨਿਸ਼ਾਨ ਲਾਇਆ ਹੈ।

**ਜੇ ਤੁਸੀਂ ਮੈਡੀਕਲ ਸਥਿਤੀ ਕਰਕੇ ਅਰਜ਼ੀ ਦੇ ਰਹੇ ਹੋ, ਤਾਂ ਸਫ਼ਾ 2 'ਤੇ ਜਾਓ** ▶

**ਜੇ ਤੁਸੀਂ ਵੱਡੇ ਪਰਿਵਾਰ ਕਰਕੇ ਅਰਜ਼ੀ ਦੇ ਰਹੇ ਹੋ, ਤਾਂ ਸਫ਼ਾ 3 'ਤੇ ਜਾਓ** ▶

# ਜੇ ਤੁਸੀਂ ਮੈਡੀਕਲ ਸਥਿਤੀ ਕਰਕੇ ਅਰਜ਼ੀ ਦੇ ਰਹੇ ਹੋ, ਇਹ ਸਫ਼ਾ ਭਰੋ

## ਮੈਡੀਕਲ ਸਥਿਤੀਆਂ ਲਈ ਵਾਧੂ ਪਾਣੀ ਦੀ ਵਰਤੋਂ ਦੀ ਲੋੜ ਹੁੰਦੀ ਹੈ

10 ਕਿਰਪਾ ਕਰਕੇ ਆਪਣੇ ਘਰ ਵਿਚਲੇ ਵਿਅਕਤੀ ਦਾ ਨਾਂ ਦੱਸੋ, ਜਿਸਦੀ ਮੈਡੀਕਲ ਸਥਿਤੀ ਹੈ, ਜਿਸਦਾ ਮਤਲਬ ਹੈ ਕਿ ਉਸਨੂੰ ਪਾਣੀ ਦੀ ਬਹੁਤ ਜ਼ਿਆਦਾ ਵਰਤੋਂ ਕਰਨ ਦੀ ਲੋੜ ਪੈਂਦੀ ਹੈ

..........

11 ਇਹਨਾਂ ਵਿਚੋਂ ਉਸ ਦੀਆਂ ਕਿਹੜੀਆਂ ਮੈਡੀਕਲ ਸਥਿਤੀਆਂ ਹਨ? (ਲਾਗੂ ਸਾਰਿਆਂ 'ਤੇ ਨਿਸ਼ਾਨ ਲਾਓ।)

a) ਡੈਸਕੁਆਮੇਸ਼ਨ (ਪੇਪੜੀ ਵਾਲੀ ਚਮੜੀ ਦੀ ਬਿਮਾਰੀ) ☐

b) ਪਾਣੀ ਵਗਣ ਵਾਲੀ ਚਮੜੀ ਦੀ ਬਿਮਾਰੀ (ਲੂਤ, ਦਾਣੇਦਾਰ ਧੱਫੜ, ਸੁੱਜੀ ਹੋਈ ਨਾੜੀ ਦਾ ਨਾਸੂਰ ਬਣਨਾ) ☐

c) ਅਸੰਜਮ ☐

d) ਢਿੱਡ ਦਾ ਸਟੋਮਾ ☐

e) ਗੁਰਦਿਆਂ ਦੇ ਕੰਮ ਬੰਦ ਕਰਨ ਕਰਕੇ ਉਸਨੂੰ ਘਰ ਵਿਚ ਡਾਇਲਿਸਿਸ ਦੀ ਲੋੜ (ਨਿਸ਼ਾਨ ਨਾ ਲਾਓ, ਜੇ ਸਿਹਤ ਅਥਾੱਰਿਟੀ ਪਾਣੀ ਦੀ ਲਾਗਤ ਵਿਚ ਮਦਦ ਨਹੀਂ ਕਰਦੀ) ☐

f) ਕ੍ਰੋਹਨ'ਸ ਬਿਮਾਰੀ ☐

g) ਵੱਡੀ ਆਂਦਰ ਦੀ ਨਾਸੂਰੀ ਸੋਜ਼ ☐

h) ਹੋਰ ਸਥਿਤੀ, ਜਿਸਦਾ ਮਤਲਬ ਹੈ ਕਿ ਉਸਨੂੰ ਵਾਧੂ ਪਾਣੀ ਵਰਤਣ ਦੀ ਲੋੜ ਪੈਂਦੀ ਹੈ (ਕਿਰਪਾ ਕਰਕੇ ਸਾਨੂੰ ਇਸ ਸਥਿਤੀ ਦਾ ਨਾਂ ਦੱਸੋ) ☐

..........

..........

12 ਕਿਰਪਾ ਕਰਕੇ ਡਾੱਕਟਰ ਜਾਂ ਹਸਪਤਾਲ ਦਾ ਨਾਂ ਅਤੇ ਪਤਾ ਦਿਓ, ਜੋ ਇਸ ਸਥਿਤੀ ਬਾਰੇ ਜਾਣਦਾ ਹੈ।

ਨਾਂ ..........

ਪਤਾ ..........

..........

ਪੋਸਟ ਕੋਡ ..........

ਸਰਜਰੀ ਜਾਂ ਸਿਹਤ ਸੈਂਟਰ ਦੇ ਅਫ਼ਸਰ ਦੀ ਮੁਹਰ (ਅਖ਼ਤਿਆਰੀ)

## ਟਿੱਪਣੀਆਂ

10 ਸਾਨੂੰ ਮੈਡੀਕਲ ਸਥਿਤੀ ਵਾਲੇ ਵਿਅਕਤੀ ਦਾ ਨਾਂ ਜਾਣਨ ਦੀ ਲੋੜ ਹੈ।

11 ਕਿਰਪਾ ਕਰਕੇ ਸਾਰੇ ਸਬੰਧਿਤ ਖਾਨਿਆਂ 'ਤੇ ਨਿਸ਼ਾਨ ਲਾਕੇ ਵਿਅਕਤੀ ਦੀ ਮੈਡੀਕਲ ਸਥਿਤੀ ਬਾਰੇ ਦੱਸੋ।

**ਮਹੱਤਵਪੂਰਣ – ਜੇ ਤੁਸੀਂ a) ਤੋਂ g) ਵਿਚ ਦਿਤੀਆਂ ਗਈਆਂ ਸਥਿਤੀਆਂ ਵਿਚੋਂ ਇਕ 'ਤੇ ਨਿਸ਼ਾਨ ਲਾਉਂਦੇ ਹੋ, ਤਾਂ ਕਿਰਪਾ ਕਰਕੇ ਆਪਣੀ ਦੁਹਰਾਈ ਜਾਣ ਵਾਲੀ ਦਵਾਈ ਦੇ ਫ਼ਾਰਮ ਦੀ ਕਾੱਪੀ ਜਾਂ** ਤੁਹਾਡੀ ਸਥਿਤੀ ਅਤੇ ਤੁਹਾਨੂੰ ਵਾਧੂ ਪਾਣੀ ਵਰਤਣ ਦੀ ਲੋੜ ਕਿਉਂ ਹੈ, ਬਾਰੇ ਦੱਸਣ ਵਾਲਾ **ਡਾੱਕਟਰ ਦਾ ਸਰਟੀਫ਼ਿਕੇਟ ਦਿਓ।** ਤੁਸੀਂ ਆਪਣੀ ਸਰਜਰੀ, ਕਲਿਨਿਕ ਜਾਂ ਹਸਪਤਾਲ ਤੋਂ ਇਹਨਾਂ ਦੀਆਂ ਕਾੱਪੀਆਂ ਲਈ ਕਹਿ ਸਕਦੇ ਹੋ। **ਜੇ ਤੁਹਾਡੇ ਕੋਲ ਦਵਾਈ ਦੀ ਪਰਚੀ ਜਾਂ ਸਰਟੀਫ਼ਿਕੇਟ ਨਹੀਂ ਹੈ, ਤਾਂ ਕਿਰਪਾ ਕਰਕੇ ਕੋਈ ਹੋਰ ਸਬੂਤ ਉਪਲਬਧ ਕਰਾਓ ਕਿ ਤੁਹਾਡੀ ਅਜਿਹੀ ਸਥਿਤੀ ਹੈ ਅਤੇ ਤੁਹਾਨੂੰ ਵਾਧੂ ਪਾਣੀ ਵਰਤਣ ਦੀ ਲੋੜ ਕਿਉਂ ਹੈ।**

ਜਾਂ **ਜੇ ਤੁਸੀਂ h) 'ਹੋਰ ਸਥਿਤੀ' 'ਤੇ ਨਿਸ਼ਾਨ ਲਾਉਂਦੇ ਹੋ, ਤਾਂ ਤੁਹਾਨੂੰ ਡਾੱਕਟਰ ਦਾ ਸਰਟੀਫ਼ਿਕੇਟ ਜਾਂ ਜੀਪੀ ਜਾਂ ਹਸਪਤਾਲ ਦੇ ਸਲਾਹਕਾਰ ਤੋਂ ਪੱਤਰ ਜ਼ਰੂਰ ਸ਼ਾਮਿਲ ਕਰਨਾ ਚਾਹੀਦਾ ਹੈ।** ਪੱਤਰ ਜਾਂ ਸਰਟੀਫ਼ਿਕੇਟ ਵਿਚ ਇਹ ਲਿਖਿਆ ਹੋਣਾ ਚਾਹੀਦਾ ਹੈ:

- ਮਰੀਜ਼ ਦਾ ਨਾਂ;
- ਸਥਿਤੀ, ਜੋ ਉਹਨਾਂ ਦੀ ਹੈ ਅਤੇ ਇਸ ਸਥਿਤੀ ਵਿਚ ਪਾਣੀ ਦੀ ਚੋਖੀ ਖਪਤ ਦੀ ਮਾਤਰਾ ਵਿਚ ਕਿਵੇਂ ਵਾਧਾ ਹੋਇਆ;
- ਸਰਟੀਫ਼ਿਕੇਟ ਜਾਂ ਪੱਤਰ ਜਾਰੀ ਕਰਨ ਦੀ ਤਾਰੀਖ਼; ਅਤੇ
- ਜੀਪੀ ਜਾਂ ਸਲਾਹਕਾਰ ਦਾ ਨਾਂ, ਅਹੁਦਾ ਅਤੇ ਪਤਾ।

12 ਕਿਰਪਾ ਕਰਕੇ ਸਾਨੂੰ ਦੱਸੋ, ਇਸ ਸਥਿਤੀ ਦੀ ਪੁਸ਼ਟੀ ਕਰਨ ਲਈ ਅਸੀਂ ਕਿਸ ਨਾਲ ਸੰਪਰਕ ਕਰੀਏ (ਉਦਾਹਰਣ ਲਈ, ਡਾੱਕਟਰ ਜਾਂ ਹਸਪਤਾਲ ਸਲਾਹਕਾਰ)।

# ਇਹ ਸਫ਼ਾ ਭਰੋ, ਜੇ ਤੁਸੀਂ ਅਰਜ਼ੀ ਦੇ ਰਹੇ ਹੋ, ਕਿਉਂਕਿ ਤੁਹਾਡਾ ਵੱਡਾ ਪਰਿਵਾਰ ਹੈ।

## ਇਹ ਸੈਕਸ਼ਨ ਘਰ ਵਿਚ ਰਹਿ ਰਹੇ 19 ਸਾਲ ਤੋਂ ਘੱਟ ਉਮਰ ਦੇ ਤਿੰਨ ਜਾਂ ਵੱਧ ਬੱਚਿਆਂ ਵਾਲੇ ਪਰਿਵਾਰਾਂ ਲਈ ਹੈ।

13 ਮੈਂ ਪੁਸ਼ਟੀ ਕਰਦਾ/ਕਰਦੀ ਹਾਂ ਕਿ ਮੈਂ ਜਾਂ ਮੇਰੇ ਘਰ ਦਾ ਮੈਂਬਰ, 19 ਸਾਲ ਤੋਂ ਘੱਟ ਉਮਰ ਦੇ ਤਿੰਨ ਜਾਂ ਵੱਧ ਬੱਚਿਆਂ, ਜੋ ਕਿ ਸਾਡੇ ਨਾਲ ਪੱਕੇ ਤੌਰ 'ਤੇ ਰਹਿੰਦੇ ਹਨ, ਲਈ ਲਾਭ ਜਾਂ ਟੈਕਸ ਕ੍ਰੈਡਿਟ (ਸੁਆਲ 9 ਵਿਚ ਦਿਤੇ ਗਏ) ਲੈਂਦਾ ਹੈ ਅਤੇ ਬਾਲ ਲਾਭ ਦਾ ਦਾਅਵਾ ਕਰਦਾ ਹੈ। ☐ ਕਿਰਪਾ ਕਰਕੇ ਨਿਸ਼ਾਨ ਲਾਓ।

14 ਕਿਰਪਾ ਕਰਕੇ ਇਹਨਾਂ ਬੱਚਿਆਂ ਦੇ ਪੂਰੇ ਨਾਂ ਅਤੇ ਜਨਮ-ਤਾਰੀਖ਼ਾਂ ਦਿਓ

| ਨਾਂ | ਜਨਮ-ਤਾਰੀਖ਼ |
|---|---|
| | / / |
| | / / |
| | / / |
| | / / |
| | / / |

**(ਜੇ ਲੋੜ ਹੈ, ਤਾਂ ਕਾਗਜ਼ ਦੀ ਵੱਖਰੀ ਸ਼ੀਟ 'ਤੇ ਜਾਰੀ ਰਖੋ।)**

## ਟਿੱਪਣੀਆਂ

13 ਜੇ ਵਿਅਕਤੀ ਤਿੰਨ ਜਾਂ ਵੱਧ ਬੱਚਿਆਂ, ਜੋ ਕਿ ਪਾਣੀ ਦੇ ਬਿੱਲ ਵਾਲੇ ਪਤੇ 'ਤੇ ਰਹਿੰਦੇ ਹਨ, ਲਈ ਲਾਭ ਪ੍ਰਾਪਤ ਕਰਨ ਜਾਂ ਬਾਲ ਲਾਭ ਦਾ ਦਾਅਵਾ ਕਰਨ ਲਈ ਜ਼ਿੰਮੇਵਾਰ ਹੈ, ਤਾਂ ਤੁਹਾਨੂੰ ਇਸ ਖਾਨੇ 'ਤੇ ਨਿਸ਼ਾਨ ਲਾਉਣਾ ਚਾਹੀਦਾ ਹੈ।

14 ਕਿਰਪਾ ਕਰਕੇ ਹਰ ਬੱਚੇ ਦਾ ਪੂਰਾ ਨਾਂ ਅਤੇ ਜਨਮ-ਤਾਰੀਖ਼ ਉਪਲਬਧ ਕਰਾਓ।

ਜਿਹੜੇ ਬੱਚਿਆਂ ਦੇ ਨਾਂ ਤੁਸੀਂ ਇਥੇ ਦਿਤੇ ਹਨ, ਤੁਹਾਨੂੰ ਹਰ ਬੱਚੇ ਵਾਸਤੇ ਬਾਲ ਲਾਭ ਲਈ ਹਾਲੀਆ 'ਹੱਕਦਾਰੀ ਦਾ ਨੋਟਿਸ' (ਫ਼ਾਰਮ DL84(TS)) ਦੀ ਕਾਪੀ **ਜ਼ਰੂਰ** ਉਪਲਬਧ ਕਰਨੀ ਚਾਹੀਦੀ ਹੈ।

ਜੇ ਤੁਹਾਨੂੰ ਬਾਲ ਲਾਭ ਲਈ ਆਪਣਾ 'ਹੱਕਦਾਰੀ ਦਾ ਨੋਟਿਸ' ਨਹੀਂ ਮਿਲ ਸਕਦਾ, ਤਾਂ ਕਿਰਪਾ ਕਰਕੇ ਬਾਲ ਲਾਭ ਸੈਂਟਰ ਨਾਲ ਸੰਪਰਕ ਕਰੋ। ('ਲਾਹੇਵੰਦ ਸੰਪਰਕ' ਵੇਖੋ)।

ਬਾਲ ਲਾਭ ਲਈ 'ਹੱਕਦਾਰੀ ਦਾ ਨੋਟਿਸ' ਵਿਚ ਦਾਅਵਾ ਕਰਨ ਵਾਲੇ/ਵਾਲੀ ਦੇ ਪਤੇ ਦੇ ਵਰਵੇ ਅਤੇ ਜੋ 12 ਮਹੀਨਿਆਂ ਤੋਂ ਘੱਟ ਸਮੇਂ ਦੇ ਹੋਣ, ਜ਼ਰੂਰ ਸ਼ਾਮਿਲ ਹੋਣੇ ਚਾਹੀਦੇ ਹਨ।

## ਲਾਹੇਵੰਦ ਸੰਪਰਕ

ਪਾਣੀ ਵਾਲੀ ਕੰਪਨੀ

United Utilities
PO Box 50
Warrington
WA55 1AQ
ਟੈਲੀਫ਼ੋਨ: 0845 309 3001

ਤੁਸੀਂ ਹੇਠਾਂ ਦਿਤੀਆਂ ਅਥਾੱਰਿਟੀਆਂ ਤੋਂ ਬਦਲਵਾਂ ਜਾਂ ਹਾਲੀਆ 'ਹੱਕਦਾਰੀ ਦਾ ਨੋਟਿਸ' ਲੈ ਸਕਦੇ ਹੋ:

| **ਲਾਭ ਜਾਂ ਟੈਕਸ ਕ੍ਰੈਡਿਟ ਦਾ ਨਾਂ** | **ਅਥਾੱਰਿਟੀ** |
|---|---|
| •ਆਮਦਨ ਸਹਾਇਤਾ •ਨੌਕਰੀ ਤਲਾਸ਼ ਕਰਨ ਸਬੰਧੀ ਭੱਤਾ •ਪੈਨਸ਼ਨ ਕ੍ਰੈਡਿਟ •ਆਮਦਨ-ਸਬੰਧਿਤ ਰੋਜ਼ਗਾਰ ਅਤੇ ਸਹਾਇਤਾ ਭੱਤਾ | ਆਪਣੇ ਸਥਾਨਕ ਜੌਬ ਸੈਂਟਰ ਪਲੱਸ ਦਫ਼ਤਰ ਜਾਂ ਲਾਭਾਂ ਬਾਰੇ ਦਫ਼ਤਰ ਨਾਲ ਸੰਪਰਕ ਕਰੋ। |
| •ਵਰਕਿੰਗ ਟੈਕਸ ਕ੍ਰੈਡਿਟ •ਬਾਲ ਟੈਕਸ ਕ੍ਰੈਡਿਟ | ਟੈਕਸ ਕ੍ਰੈਡਿਟਸ ਹੈਲਪਲਾਈਨ: 0845 300 3900 |
| •ਹਾਉਸਿੰਗ ਲਾਭ •ਕੌਂਸਲ ਟੈਕਸ ਲਾਭ | ਵੇਰਵਿਆਂ ਲਈ ਆਪਣੀ ਸਥਾਨਕ ਅਥਾੱਰਿਟੀ (ਕੌਂਸਲ) ਨਾਲ ਸੰਪਰਕ ਕਰੋ |
| •ਬਾਲ ਲਾਭ | ਬਾਲ ਲਾਭ ਹੈਲਪਲਾਈਨ: 0845 302 1444 |

## ਤੁਹਾਨੂੰ ਇਹ ਸਫ਼ਾ ਜ਼ਰੂਰ ਭਰਨਾ ਚਾਹੀਦਾ ਹੈ

### ਐਲਾਨਨਾਮਾ

ਜਾਣਕਾਰੀ, ਜੋ ਮੈਂ ਦਿਤੀ ਹੈ ਮੇਰੀ ਬਿਹਤਰ ਜਾਣਕਾਰੀ ਅਨੁਸਾਰ ਸਹੀ ਹੈ ਅਤੇ ਮੈਂ ਜਾਣਦਾ/ਜਾਣਦੀ ਹਾਂ ਕਿ ਜੇ ਮੈਂ ਕੋਈ ਜਾਣਕਾਰੀ ਉਪਲਬਧ ਕਰਾਈ ਹੈ, ਜੋ ਕਿ ਝੂਠੀ ਹੈ, ਕਰਕੇ ਤੁਸੀਂ ਮੇਰੇ ਦਾਅਵੇ ਬਾਰੇ ਵਿਚਾਰ ਕਰਨਾ ਮਨ੍ਹਾ ਕਰ ਸਕਦੇ ਹੋ।

ਜੇ ਮੇਰੀਆਂ ਸਥਿਤੀਆਂ ਬਦਲਦੀਆਂ ਹਨ ਅਤੇ ਇਹ ਮੇਰੇ ਦਾਅਵੇ 'ਤੇ ਅਸਰ ਪਾ ਸਕਦੀਆਂ ਹਨ, ਤਾਂ ਮੈਂ ਤੁਹਾਨੂੰ ਫ਼ੌਰਨ ਦੱਸਾਂਗਾ/ਦੱਸਾਂਗੀ।

ਮੈਂ, ਮੇਰੇ ਲਾਭ ਜਾਂ ਟੈਕਸ ਕ੍ਰੈਡਿਟ ਦੇਣ ਵਾਲੀ ਅਥਾੱਰਿਟੀ ਨੂੰ, ਤੁਹਾਨੂੰ ਮੇਰੀ ਅਰਜ਼ੀ ਦੀ ਹਿਮਾਇਤ ਵਿਚ ਕਿਸੇ ਹੋਰ ਜਾਣਕਾਰੀ ਦੇਣ ਦੀ ਆਗਿਆ ਦਿੰਦਾ/ਦਿੰਦੀ ਹਾਂ।

ਜੇ ਮੈਂ ਮੈਡੀਕਲ ਸਥਿਤੀ ਕਰਕੇ ਦਾਅਵਾ ਕੀਤਾ ਹੈ, ਤਾਂ ਮੈਂ ਮੈਡੀਕਲ ਪੇਸ਼ੇਵਰ, ਜੋ ਉਸ ਸਥਿਤੀ ਬਾਰੇ ਜਾਣਦਾ ਹੈ, ਨੂੰ ਮੇਰੇ ਵਲੋਂ ਮੁਹਈਆ ਕੀਤੀ ਗਈ ਜਾਣਕਾਰੀ ਦੀ ਪੁਸ਼ਟੀ ਲਈ, ਉਸ ਸਥਿਤੀ ਅਤੇ ਮੈਨੂੰ ਹੋਰ ਪਾਣੀ ਵਰਤਣ ਦੀ ਕਿਉਂ ਲੋੜ ਹੈ, ਬਾਰੇ ਤੁਹਾਨੂੰ ਜਾਣਕਾਰੀ ਦੇਣ ਬਾਰੇ ਆਗਿਆ ਦਿੰਦਾ/ਦਿੰਦੀ ਹਾਂ।

ਜੇ ਮੈਂ ਆਪਣੇ ਸੀਵਰੇਜ ਦੀਆਂ ਲਾਗਤਾਂ ਲਈ ਇਕ ਵੱਖਰੀ ਕੰਪਨੀ ਨੂੰ ਭੁਗਤਾਨ ਕਰਦਾ/ਕਰਦੀ ਹਾਂ, ਮੈਂ ਤੁਹਾਨੂੰ ਵੇਰਵਿਆਂ, ਜੋ ਮੈਂ ਤੁਹਾਨੂੰ ਉਪਲਬਧ ਕਰਾਏ ਹਨ, ਨੂੰ ਦੇਣ ਦੀ ਆਗਿਆ ਦਿੰਦਾ/ਦਿੰਦੀ ਹਾਂ, ਤਾਂ ਜੋ ਤੁਸੀਂ ਵਾਟਰਸ਼ਿਓਰ ਸਕੀਮ ਹੇਠ ਮੇਰੀਆਂ ਸੀਵਰੇਜ ਲਾਗਤਾਂ ਬਾਰੇ ਵੀ ਵਿਚਾਰ ਕਰ ਸਕੋ।

**ਚੇਤਾਵਨੀ**, ਜੇ ਤੁਸੀਂ ਸਾਨੂੰ ਜਾਣ-ਬੁਝਕੇ ਗ਼ਲਤ ਜਾਣਕਾਰੀ ਦਿਤੀ, ਤਾਂ ਤੁਸੀਂ ਮੁਜਰਮਾਨਾ ਜੁਰਮ ਕਰ ਰਹੇ ਹੋ ਅਤੇ ਤੁਹਾਡੇ 'ਤੇ ਮੁਕਦਮਾ ਚਲਾਇਆ ਜਾ ਸਕਦਾ ਹੈ।

ਮੈਂ ਹੇਠਾਂ ਦਿਤੇ ਦੀ ਪੁਸ਼ਟੀ ਕਰਦਾ/ਕਰਦੀ ਹਾਂ:

- ਵਾਟਰਸ਼ਿਓਰ ਸਕੀਮ ਹੇਠ ਮਦਦ ਲਈ ਮੇਰੇ ਘਰ ਦਾ ਇਕ ਮੈਂਬਰ ਸ਼ਰਤਾਂ ਪੂਰੀਆਂ ਕਰਦਾ/ਕਰਦੀ ਹੈ।
- ਮੈਂ ਆਪਣੇ ਬਗ਼ੀਚੇ ਨੂੰ ਪਾਣੀ ਦੇਣ ਲਈ ਸਿਰਫ਼ ਹੋਜ਼ਪਾਈਪ ਜਾਂ ਪਾਣੀ ਦੇਣ ਵਾਲੀ ਕੈਨ ਦੀ ਵਰਤੋਂ ਕਰਦਾ/ਕਰਦੀ ਹਾਂ।
- ਮੇਰੇ ਘਰ ਵਿਚ ਆਪੇ ਭਰਿਆ ਜਾਣ ਵਾਲਾ ਸਵਿਮਿੰਗ ਪੂਲ ਜਾਂ ਤਲਾਅ ਨਹੀਂ ਹੈ, ਜਿਸ ਵਿਚ 10,000 ਲੀਟਰ ਪਾਣੀ ਆਉਂਦਾ ਹੈ।
- ਮੈਂ ਸਿਹਤ ਅਥਾੱਰਿਟੀ ਤੋਂ ਪਾਣੀ ਦੀ ਲਾਗਤ ਲਈ ਕੋਈ ਮਦਦ ਨਹੀਂ ਲੈਂਦਾ।

ਤੁਹਾਡੇ ਦਸਤਖ਼ਤ ..........................................

ਤਾਰੀਖ਼ ..........................................

ਲਾਭ ਲੈ ਰਹੇ ਵਿਅਕਤੀ ਜਾਂ ਜਿਸਦੀ ਮੈਡੀਕਲ ਸਥਿਤੀ
(ਜੇ ਉਸ ਵਿਅਕਤੀ ਦਾ ਨਾਂ ਪਾਣੀ ਦੇ ਬਿੱਲ 'ਤੇ ਨਹੀਂ ਹੈ) ਹੈ, ਦੇ ਦਸਤਖ਼ਤ।
ਸਾਨੂੰ ਇਸ ਦਸਤਖ਼ਤ ਦੀ ਅੰਕੜਾ ਸੁਰੱਖਿਆ ਉਦੇਸ਼ਾਂ ਲਈ ਲੋੜ ਹੈ

..........................................

ਕਿਰਪਾ ਕਰਕੇ ਧਿਆਨ ਦਿਓ: ਸਾਨੂੰ ਸਿਰਫ਼ ਆਪਣੇ ਹਿਮਾਇਤੀ ਦਸਤਾਵੇਜ਼ (ਮੂਲ ਨਹੀਂ) ਦੀਆਂ ਕਾੱਪੀਆਂ ਭੇਜੋ, ਕਿਉਂਕਿ ਅਸੀਂ ਤੁਹਾਨੂੰ ਕੁਝ ਵੀ ਵਾਪਸ ਭੇਜਣ ਦੇ ਅਸਮਰੱਥ ਹਾਂ। ਪੂਰੇ ਹਿਮਾਇਤੀ ਸਬੂਤ ਤੋਂ ਬਿਨਾ ਅਸੀਂ ਤੁਹਾਡੀ ਅਰਜ਼ੀ ਨੂੰ ਅੱਗੇ ਤੋਰਨ ਦੇ ਅਸਮਰੱਥ ਹਾਂ, ਜਿਸ ਨਾਲ ਸਕੀਮ ਬਾਰੇ ਤੁਹਾਡੀ ਪ੍ਰਵਾਨਗੀ ਵਿਚ ਦੇਰੀ ਹੋਏਗੀ।

ਆਪਣਾ ਭਰਿਆ ਹੋਇਆ ਫ਼ਾਰਮ ਅਤੇ ਹੋਰ ਜਾਣਕਾਰੀ (ਜਾਂਚ-ਸੂਚੀ ਵੇਖੋ) ਇਥੇ ਭੇਜੋ:

United Utilities
PO Box 50
Warrington
WA55 1AQ

**ਆਪਣੇ ਅਰਜ਼ੀ ਫ਼ਾਰਮ ਨਾਲ ਹਿਮਾਇਤੀ ਸਬੂਤ ਦੀਆਂ ਕਾੱਪੀਆਂ ਨੱਥੀ ਕਰਨਾ ਯਾਦ ਰਖੋ**

### ਜਾਂਚ-ਸੂਚੀ

**(i) ਜੇ ਵੱਡਾ ਪਰਿਵਾਰ ਹੋਣ ਕਰਕੇ ਤੁਸੀਂ ਅਰਜ਼ੀ ਦੇ ਰਹੇ ਹੋ:**

- ☐ ਮੈਂ ਯੋਗ ਲਾਭਾਂ ਵਿਚੋਂ ਇਕ ਦੇ ਸਬੂਤ, ਜਿਸ ਬਾਰੇ ਮੈਂ ਇਸ ਅਰਜ਼ੀ ਫ਼ਾਰਮ ਦੇ ਪਹਿਲੇ ਸਫ਼ੇ 'ਤੇ ਨਿਸ਼ਾਨ ਲਾਇਆ ਹੈ, ਨਾਲ ਨੱਥੀ ਕੀਤਾ ਹੈ।

ਅਤੇ

- ☐ ਮੈਂ ਹਰ ਬੱਚੇ ਲਈ ਬਾਲ ਲਾਭ ਦੇ ਸਬੂਤ ਨਾਲ ਨੱਥੀ ਕੀਤਾ ਹੈ

**(ii) ਜੇ ਤੁਸੀਂ ਮੈਡੀਕਲ ਸਥਿਤੀ ਕਰਕੇ ਅਰਜ਼ੀ ਦੇ ਰਹੇ ਹੋ:**

- ☐ ਮੈਂ ਯੋਗ ਲਾਭਾਂ ਵਿਚੋਂ ਇਕ ਦੇ ਸਬੂਤ, ਜਿਸ ਬਾਰੇ ਮੈਂ ਇਸ ਅਰਜ਼ੀ ਫ਼ਾਰਮ ਦੇ ਪਹਿਲੇ ਸਫ਼ੇ 'ਤੇ ਨਿਸ਼ਾਨ ਲਾਇਆ ਹੈ, ਨਾਲ ਨੱਥੀ ਕੀਤਾ ਹੈ।

ਅਤੇ

ਮੈਂ ਮੈਡੀਕਲ ਸਥਿਤੀ, ਜਿਸ ਕਰਕੇ ਪਾਣੀ ਦੀ ਵਰਤੋਂ ਵਿਚ ਚੋਖਾ ਵਾਧਾ ਹੋਇਆ ਹੈ (ਸਿਰਫ਼ ਇਕ 'ਤੇ ਨਿਸ਼ਾਨ ਲਾਓ, ਜੋ ਤੁਹਾਡੇ 'ਤੇ ਲਾਗੂ ਹੁੰਦੀ ਹੈ):

- ☐ ਮੈਂ ਸੁਆਲ 11 ਵਿਚ (a-g) 'ਤੇ ਨਿਸ਼ਾਨ ਲਾਇਆ ਹੈ ਅਤੇ ਦਵਾਈ ਦੇ ਨੁਸਖ਼ੇ ਦੇ ਫ਼ਾਰਮ ਜਾਂ ਡਾੱਕਟਰ ਦੇ ਸਰਟੀਫ਼ਿਕੇਟ ਦੀ ਕਾੱਪੀ ਨਾਲ ਨੱਥੀ ਕੀਤੀ ਹੈ।
- ☐ ਮੈਂ ਸੁਆਲ 11 ਵਿਚ (h) 'ਹੋਰ ਮੈਡੀਕਲ ਸਥਿਤੀ' ਤੇ ਨਿਸ਼ਾਨ ਲਾਇਆ ਹੈ ਅਤੇ ਜੀਪੀ ਜਾਂ ਸਲਾਹਕਾਰ ਤੋਂ ਵੱਖਰਾ ਪੱਤਰ ਨਾਲ ਨੱਥੀ ਕੀਤਾ ਹੈ, ਜੋ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਇਸ ਸਥਿਤੀ ਲਈ ਵਾਧੂ ਪਾਣੀ ਦੀ ਲੋੜ ਹੈ।

**ਤੁਹਾਨੂੰ ਵਾਟਰਸ਼ਿਓਰ ਸਕੀਮ ਬਾਰੇ ਕਿਵੇਂ ਪਤਾ ਚੱਲਿਆ?**

- ☐ ਸਾਡੇ ਲੀਫ਼ਲੈਟਾਂ ਵਿਚੋਂ ਇਕ
- ☐ ਦੋਸਤ ਜਾਂ ਰਿਸ਼ਤੇਦਾਰ ਤੋਂ
- ☐ ਸਾਡੀ ਵੈਬਸਾਈਟ
- ☐ ਸਿਟੀਜ਼ਨ'ਸ ਐਡਵਾਈਜ਼
- ☐ ਸਾਡੇ ਬਿਜਲੀ ਦੇ ਬਿੱਲ 'ਤੇ
- ☐ ਯੂਨਾਇਟਿਡ ਯੂਟੀਲਿਟਿਜ਼ ਦੇ ਕਰਮਚਾਰੀ ਤੋਂ (ਉਦਾਹਰਣ ਲਈ: ਜਦੋਂ ਤੁਸੀਂ ਸਾਡੇ ਕਾੱਲ ਸੈਂਟਰ ਨਾਲ ਸੰਪਰਕ ਕੀਤਾ ਸੀ)
- ☐ ਹੋਰ (ਕਿਰਪਾ ਕਰਕੇ ਦੱਸੋ)

..........................................

unitedutilities.com

United Utilities Water PLC
Haweswater House
Lingley Mere Business Park
Lingley Green Avenue
Great Sankey
Warrington
WA5 3LP

ਇੰਗਲੈਂਡ ਅਤੇ ਵੇਲਸ ਵਿਚ ਰਜਿਸਟਰਡ
ਰਜਿਸਟਰਡ ਨੰਬਰ 2366678

04/11/SD/4444b

